# ਅੰਮ੍ਰਿਤ ਕੀਰਤਨ

# Amrit Kirtan



ਮਿਤੀ 2 ਅਕਤੂਬਰ 2001 ਨੂੰ ਚੰਡੀਗੜ੍ਹ ਵਿਖੇ ਅੰਮ੍ਰਿਤ ਕੀਰਤਨ ਟ੍ਰਸਟ ਵਲੋਂ ਕਰਵਾਏ ਨਿਰਧਾਰਤ ਰਾਗਾਂ ਤੇ ਅਧਾਰਤ ਬਾਲ ਕੀਰਤਨ ਦਰਬਾਰ ਦੀਆਂ ਝਲਕੀਆਂ-ਰਿਪੋਰਟ ਪੰਨਾ-26

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ




ਬਾਲ ਕੀਰਤਨ ਦਰਬਾਰ ਸਮੇਂ ਵਿਦਿਆਰਥੀ ਕੀਰਤਨ ਕਰਦੇ ਹੋਏ
ਅਤੇ ਵਿਸ਼ੇਸ਼ ਵਿਅਕਤੀਆਂ ਪਾਸੋਂ ਇਨਾਮ ਪ੍ਰਾਪਤ ਕਰਦੇ ਹੋਏ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 11 • ਸਾਲ ਤੇਰ੍ਹਵਾਂ • ਨਵੰਬਰ 2001



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



| | | |
|---|---|---|
| ਮਿਤ੍ਰ ਅਸਾਡੜੇ ਸੇਈ | 2 | *ਪਾਠਕਾਂ ਦੇ ਪੱਤਰ* |
| ਕਰਉ ਬੇਨੰਤੀਆ | 3 | *ਸੰਪਾਦਕੀ* |
| ਨਾਮਧਾਰੀ ਸੰਪਰਦਾ ਦੀ ਸੰਗੀਤ ਪਰੰਪਰਾ | 5 | ਕਰਤਾਰ ਸਿੰਘ ਨੀਲਧਾਰੀ |
| ਨਿਰਮੋਲਕ ਹੀਰਾ-ਪ੍ਰਿੰਸੀਪਲ ਰਾਜਿੰਦਰ ਸਿੰਘ | 11 | ਦਿਆਲ ਸਿੰਘ |
| ਤਬਲਾ ਵਾਦਕ ਭਾਈ ਸੰਤਾ ਸਿੰਘ ਜੀ | 15 | ਗੁਰਜੰਤ ਸਿੰਘ ਰਾਹੀ |
| ਸਗਲ ਸੰਗਿ ਹਮ ਕਉ ਬਨਿਆਈ | 17 | ਰਮੇਸ਼ ਸਿੰਘ |
| ਮਨ ਤੂੰ ਮਾਣੁ ਕਰਹਿ ਜਿ ਹਉ ਕਿਛ ਜਾਣਦਾ... | 21 | ਪ੍ਰੋ. ਨਰਿੰਦਰ ਸਿੰਘ |
| ਦੌਲਤਾਂ ਦਾਈ ਤੇ ਅਗੰਮੀ ਨੂਰ | 25 | ਮਨਮੋਹਨ ਸਿੰਘ ਦਾਊਂ |
| ਨਿਰਧਾਰਤ ਰਾਗਾਂ ਵਿੱਚ ਬਾਲ ਕੀਰਤਨ ਦਰਬਾਰ | 26 | ਜਗਦੀਸ਼ ਕੌਰ |
| Amritvela Sachnaon Vadiai Vichar | 29 | Bhagwant Singh Dalawari |
| ਸੁਰ ਲਿਪੀ | 33 | ਭਾਈ ਜਸਪਾਲ ਸਿੰਘ ਅਤੇ ਸੁਖਵੰਤ ਸਿੰਘ |
| ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ | 36 | ਮਨਮੋਹਨ ਸਿੰਘ |



• ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

• 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91
ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

• Donations are eligible for relief u/s 80 G of Income-Tax Act, 1961
vide CIT/ CHD/ 80-G/78/Tech. dated 30/7/1999 valid upto 31/3/2001



ਚੰਦੇ ਦਾ ਵੇਰਵਾ :

• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.
• ਵਿਦੇਸ਼: ਸਲਾਨਾ 30 $, ਜੀਵਨ ਮੈਂਬਰ (30 ਸਾਲ) 300 $

• 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ :**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਐਸ.ਸੀ.ਐਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
*sohal specials*
**Designers & Printers**
**Ph: 391443 Pg: 9610408677**

# ਮਿਤ੍ਰ ਅਸਾਡੜੇ ਸੇਈ

★ ਸਤੰਬਰ ਅੰਕ ਦੇ ਸੰਪਾਦਕੀ ਸੰਦੇਸ਼ ਲੋੜੇ ਦਾਖ ਬਿਜਉਰੀਆ (ਕਰਉ ਬੇਨੰਤੀਆ) ਵਿਚਲੇ ਗੰਭੀਰ ਸੁਨੇਹੇ ਨੂੰ ਆਤਮਸਾਤ ਕਰਨ ਲਈ ਰੁਕੀਏ, ਸੋਚੀਏ ਫਿਰ ਚੱਲੀਏ ਦੇ ਅਨੁਸ਼ਾਸ਼ਨ ਪੱਖ ਨੂੰ ਵਿਚਾਰ ਕੇ ਮਿਤ੍ਰ ਅਸਾਡੜੇ ਸੇਈ ਵਿਚਲੇ ਪਾਠਕ ਪੱਤਰ ਦਾ ਉੱਤਰ ਸੰਕੋਚਿਆ ਜਾ ਰਿਹਾ ਹੈ। ਤਤਕਾਲੀ ਅੰਕ ਵਿੱਚ ਛਪੇ ਲੇਖ ਗੁਰਸਿਖੀ ਬਾਰੀਕ ਹੈ ਵਿੱਚ ਨਿਮਾਣੇ ਗੁਰਮਤਿ ਵਿਚਾਰਾਂ ਦਾ ਪ੍ਰਗਟਾਵ ਤਾਂ ਹੋ ਹੀ ਚੁੱਕਿਆ ਹੈ ਅਤੇ ਮਤਵਾਲਾ ਜੀ ਨਾਲ ਨਿਜੀ ਪਤ੍ਰ ਵਿਵਹਾਰ ਦਾ ਰਸ-ਅਨੁਭਵ ਵੀ ਹੋ ਚੁੱਕਿਆ ਹੈ। ਇਸ ਲਈ ਬਜੁਰਗਾਂ ਦੀ ਹੇਠਲੀ ਨਸੀਹਤ ਨੂੰ ਆਤਮ ਸਾਤ ਕਰਕੇ ਇਸ ਪ੍ਰਥਾਏ ਕਲਮੀ ਅਖਾੜੇ ਬਾਜੀ ਨੂੰ ਵਿਦਾ ਆਖ ਕੇ ਹਾਰਨਾ ਹੀ ਭਲਾ ਹੈ-

*ਸਭੇ ਗੱਲਾਂ ਸਿੱਖੀਆਂ, ਇਕ ਨਾ ਸਿਖਿਆ ਹਾਰਨ। ਹਾਰਨ ਬਾਜੋਂ ਜਨਮ ਗੁਆਇਆ, ਇਹ ਕੀ ਕੀਤਾ ਕਾਰਣ?*

2. ਰਾਗ ਤੇ ਰਾਗੀ ਸਿਰਲੇਖ ਨਾਲ ਗਿਆਨੀ ਸੰਤ ਸਿੰਘ ਮਸਕੀਨ ਦੇ ਵਿਦਵਤਾ ਭਰੇ ਵਿਚਾਰਾਂ ਦੇ ਸਟੀਕ ਅੰਸ਼ ਲੈ ਕੇ ਅੰਮ੍ਰਿਤ ਕੀਰਤਨ ਦੇ ਨਾਮ ਉਦੇਸ਼ ਤੇ ਪਰੀਭਾਸ਼ਾ ਨੂੰ ਸਾਰਥਕ ਕੀਤਾ ਗਿਆ ਹੈ- ਰੋਵਣਾ ਤਾਂ ਹਰ ਇੱਕ ਕੋਲ ਹੈ ਪਰ ਗਾਉਣਾ ਕਿਸੇ ਵਿਰਲੇ ਦੇ ਹਿੱਸੇ ਆਇਆ ਹੈ। ਬੇਸ਼ਕ ਦੁਖ ਅਤੇ ਪਰੇਸ਼ਾਨੀਆਂ ਵਿੱਚੋਂ ਨਿਕਲਿਆ ਕੋਈ ਗੀਤ ਸੰਗੀਤ ਵਿਧਾ ਵਿੱਚ ਰਾਹਤ ਦੇ ਕੇ ਦੁੱਖੀ ਹਿਰਦਿਆਂ ਉੱਤੇ ਮੱਲਹਮ ਹੀ ਲਗਾਂਦਾ ਹੈ। ਅੰਗ੍ਰੇਜੀ ਕਵੀ ਸ਼ੈਲੀ ਨੇ ਕਿਹਾ ਇਹ ਹੈ ਕਿ ਅਵਰ ਸਵੀਟੈਸਟ ਸੌਂਗਜ਼ ਆਰ ਦੋਜ਼ ਵਿੱਚ ਟੈਲ ਅਸ ਸੈਡੈਸਟ ਥੌਟ ਸਾਡੇ ਮਧੁਰ ਗੀਤ ਉਹ ਹੁੰਦੇ ਹਨ ਜੋ ਗੰਭੀਰ ਗੰਮਗੀਨ ਵਿਚਾਰ ਸੁਣਾਦੇਂ ਹਨ। ਹਿੰਦੀ ਦੇ ਪ੍ਰਸਿੱਧ ਕਵੀ ਮੈਥਲੀ ਸ਼ਰਨ ਗੁਪਤ ਨੇ ਵੀ ਲਿਖਿਆ ਹੈ- ਵਿਯੋਗੀ ਹੋਗਾ ਪਹਿਲਾ ਕਵੀ, ਆਹ ਸੇ ਉਪਜਾ ਹੋਗਾ ਗਾਨ। ਨਿਕਲ ਕਰ ਆਖੋਂ ਸੇ ਚੁਪਚਾਪ, ਬਹੀ ਹੋਗੀ ਕਵਿਤਾ ਅਨਜਾਣ। ਬਾਲਮੀਕੀ ਰਿਸ਼ੀ, ਜਿਸਨੂੰ ਆਦਿ ਕਵੀ ਕਿਹਾ ਗਿਆ ਹੈ, ਨੇ ਕ੍ਰੌਂਚ ਦਾ ਸ਼ਿਕਾਰ ਹੋ ਜਾਣ ਤੋਂ ਬਾਦ ਕ੍ਰੌਂਚਨੀ ਦੇ ਕ੍ਰੰਦਨ ਤੋਂ ਦਰਵਿਤ ਹੋ ਕੇ ਪਹਿਲਾ ਸ਼ਲੋਕ ਸਫੁਟਿਤ ਕੀਤਾ ਸੀ ਤੇ ਮਗਰੋਂ ਰਾਮਾਇਣ ਦੀ ਰਚਨਾ ਕੀਤੀ ਸੀ।

ਗੁਰਬਾਣੀ ਵਿੱਚ ਵੀ ਮੁੱਖ ਸੁਰ ਵੈਰਾਗ ਦਾ ਹੀ ਹੈ ਅਤੇ ਜੀਵਾਤਮਾ ਦੀ ਸੁਰਤਿ ਨੂੰ ਸ਼ਬਦ ਗੁਰੂ ਨਾਲ ਮੇਲਾਪ ਕਰਨ ਲਈ ਸਿਮਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਰਾਹ ਰੰਗ ਨੂੰ ਵਿਸਮਾਦ ਵਿੱਚ ਲਿਆਉਣ ਲਈ ਗੁਰਬਾਣੀ ਨੂੰ ਰਾਗ ਬੱਧ ਸੰਕਲਿਤ ਕਰਕੇ ਕੀਰਤਨ ਦਾ ਸੁਖੇਨ ਮਾਰਗ ਦਸਕੇ ਗੁਰਸਿੱਖਾਂ ਲਈ ਨਿਵੇਕਲਾ ਭਗਤੀ ਸ਼ਾਹ ਮਾਰਗ ਉਜਾਗਰ ਹੋਇਆ ਹੈ। ਆਮ ਜੀਵਨ ਨੂੰ ਤਰਤੀਬ ਵਿੱਚ ਗੁਰਬਾਣੀ ਲਿਆਉਂਦੀ ਹੈ ਤੇ ਰਾਗ ਬੱਧ ਕੀਰਤਨ, "ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਏ" ਸਰੋਤਾ ਲਈ ਵੀ ਵਿਸਮਾਦ ਲੋਕ ਦੀ ਯਾਤਰਾ ਕਰਾਉਣ ਵਿੱਚ ਸਮਰਥ ਹੁੰਦਾ ਹੈ ਤੇ ਕੁਝ ਪ੍ਰੇਮੀ ਸਵੈਨਿਯੰਤ੍ਰਣ ਤੋਂ ਬਿਦੇਹ ਹੋ ਕੇ ਮਸਤਾਨੇ ਵੀ ਹੋ ਜਾਂਦੇ ਹਨ।

3. ਰਮੇਸ਼ ਸਿੰਘ ਨੇ ਭੈਰਉ ਮ: ਪੰਜਵਾਂ ਪੰਨਾ 1147 ਦੀ ਟੂਕਾਂ ਨਾਲ ਵਿਸ਼ੇ ਨਾਲ ਸੰਬੰਧਿਤ ਲੰਮਾ ਸਤਿਸੰਗੀ ਲੇਖ ਲਿਖਿਆ ਹੈ ਜਿਸਦਾ ਬਾਕੀ ਹਿੱਸਾ ਅਗਲੇ ਅੰਕ ਵਿੱਚ ਛਪਣ ਦੀ ਸੂਚਨਾ ਮਿਲਦੀ ਹੈ। ਇੱਕੋ ਵਿਚਾਰ ਦੀ ਪ੍ਰੋੜਤਾ ਲਈ ਕਈ ਕਈ ਟੂਕਾਂ ਦਾ ਸੰਦਰਭ ਲੇਖ ਦੀ ਚਾਲ ਸਥਿਲ ਕਰ ਗਿਆ ਹੈ। ਉਦਾਰਹਣ ਵਜੋਂ ਗੁਰੂ ਦਾ ਉਪਦੇਸ਼ ਤੇ ਧਰਮ ਦਾ ਮਾਰਗ ਸਪਸ਼ਟ ਕਰਨ ਲਈ ਗੁਰਬਾਣੀ ਦੇ ਦਸ ਹਵਾਲੇ ਦਿੱਤੇ ਗਏ ਹਨ ਜਦ ਕਿ ਇੱਕ ਸਟੀਕ ਕਪਲੈਟ (ਦੋਹਾ ਜਾਂ ਪਦ) ਹੀ ਕਾਫੀ ਸੀ। ਅਰਦਾਸ, ਤਰੀਕਾ ਤੇ ਫਲ ਦੇ ਸੰਦਰਭ ਵਾਂਗ ਵਰਤੀ ਗੁਰਬਾਣੀ ਪਾਠਕ ਨੂੰ ਸਿੱਧੀ ਅਪੀਲ ਕਰਦੀ ਹੈ ਤੇ ਅਜਿਹੀ ਸਪਸ਼ਟਤਾ ਲੇਖਕ ਅਤੇ ਪਾਠਕ ਵਿੱਚ ਨਿਕਟਤਾ ਲਿਉਂਦੀ ਹੈ।

4. ਸ੍ਰੀ ਹਰਭਜਨ ਸਿੰਘ ਚੋਪੜਾ ਜੀ ਨੇ ਬੇਬੇ ਨਾਨਕੀ ਰਬਾਬ ਸਕਾਲਰ ਸ਼ਿਪ ਬਾਰੇ ਅੰਗ੍ਰੇਜ਼ੀ ਵਿੱਚ ਪ੍ਰੋਗਰਾਮ ਦਸਣ ਤੋਂ ਪਹਿਲਾਂ ਭਾਈ ਮਰਦਾਨਾ ਜੀ ਦੇ ਕਿਰਦਾਰ ਤੇ ਜੀਵਨ ਉਦੇਸ਼ ਤੇ ਸੁਥਰਾ ਚਾਨਣਾ ਪਾਇਆ ਹੈ। ਬੇਬੇ ਨਾਨਕੀ ਗੁਰੂ ਬਾਬੇ ਦੀ ਪਹਿਲੀ ਸਿੱਖ ਕਹੀ ਜਾ ਸਕਦੀ ਹੈ ਪਰ ਤੱਥ ਇਹ ਹੈ ਕਿ ਬਾਬਾ ਸ੍ਰੀ ਚੰਦ ਦੀ ਪ੍ਰਤੀਪਾਲਨਾ ਬੇਬੇ ਨਾਨਕੀ ਅਤੇ ਭਾਈਆ ਜੈ ਰਾਮ ਨੇ ਕੀਤੀ ਸੀ। ਮਾਤਾ ਚੋਨੀ ਲਖਮੀਦਾਸ ਨੂੰ ਨਾਲ ਲੈ ਕੇ ਉਦਾਸੀਆਂ ਦੌਰਾਨ ਪੇਕੇ ਰਹੀ ਸੀ। ਭਾਈ ਮਰਦਾਨਾ ਜੀ ਦੇ ਪਰੀਵਾਰ ਦੀ ਦੇਖ ਭਾਲ ਅਤੇ ਆਰਥਿਕ ਮਦਦ ਬਾਰੇ ਜਨਮ ਸਾਖੀਆਂ ਵਿੱਚ ਸਪਸ਼ਟ ਹਵਾਲਾ ਨਹੀਂ ਮਿਲਦਾ ਪਰ ਇਹ ਨਿਸ਼ਚਿਤ ਲਗਦਾ ਹੈ ਕਿ ਬੇਬੇ ਨਾਨਕੀ ਦੀ ਪ੍ਰੇਰਣਾ ਨਾਲ ਭਾਈ ਮਰਦਾਨਾ ਜੀ ਦੇ ਪਰਿਵਾਰ ਦੀ ਜਿੰਮੇਵਾਰੀ ਮਹਿਤਾ ਕਾਲੂ ਜੀ ਨੇ ਨਿਭਾਈ ਹੋਵੇਗੀ। ਫੇਰ ਵੀ ਇਹ ਖੋਜਦਾ ਵਿਸ਼ਾ ਹੈ।

- ***ਕਰਤਾਰ ਸਿੰਘ ਨੀਲਧਾਰੀ,*** 162-ਏ, ਗਰੇਨ ਮਾਰਕੀਟ ਚੰਡੀਗੜ੍ਹ

# ਕਰਉ ਬੇਨੰਤੀਆ

## ਸ਼ੁਭ ਬਚਨ

ਪਿਛਲੇ ਮਹੀਨੇ ਮੇਰਾ ਜਨਮ ਦਿਨ ਸੀ। ਪਹਿਲਾਂ ਪਹਿਲ ਜਨਮ ਦਿਨ ਯਾਦ ਰੱਖਣਾ ਕੋਈ ਅਰਥ ਨਹੀਂ ਸੀ ਰੱਖਦਾ। ਫਿਰ ਜਦੋਂ ਚੰਡੀਗੜ੍ਹ ਆਏ ਤਾਂ ਇੱਥੇ ਵੇਖਿਆ ਕਿ ਸਾਰੇ ਲੋਕ ਇਸ ਦਿਨ ਖਾਸ ਉਚੇਚ ਕਰਦੇ ਹਨ। ਸਾਡੇ ਬੱਚੇ ਵੀ ਆਪਣੇ ਸਕੂਲ ਦੇ ਸਹਿਪਾਠੀਆਂ ਦੀ ਰੀਸੋ ਰੀਸ ਜਨਮ ਦਿਨ ਮਨਾਉਣ ਲੱਗੇ। ਕੁਝ ਸਾਲਾਂ ਤੋਂ ਕਾਰਡਾਂ ਦਾ ਰਿਵਾਜ ਵੀ ਵਧ ਗਿਆ। ਵੰਨ ਸੁਵੰਨੇ ਕਾਰਡ। ਉਹਨਾਂ ਉੱਤੇ ਲਿਖੇ ਬੜੇ ਚੰਗੇ ਹਾਂ-ਵਾਚੀ ਵਿਚਾਰ ਜਿਨ੍ਹਾਂ ਨੂੰ ਪੜ੍ਹ ਕੇ ਮਨ ਵਿੱਚ ਇੱਕ ਹੁਲਾਰਾ ਜਿਹਾ ਆਉਂਦਾ ਹੈ। ਆਪਣੇ ਕਿਸੇ ਪਿਆਰੇ ਨੂੰ ਕਾਰਡ ਦੇਣ ਲਈ ਹੁਣ ਕਾਰਡ ਲੱਭਣਾ ਵੀ ਇੱਕ ਖਾਸ ਮੁਹਿੰਮ ਬਣ ਗਈ ਹੈ। ਮੇਰੀ ਬੇਟੀ ਹਰਸ਼ਗੀਤ ਕੌਰ ਅਤੇ ਬੇਟੇ ਹਰਗੁਨਗੀਤ ਸਿੰਘ ਨੂੰ ਕਾਰਡ ਲੱਭਣ ਵਿੱਚ ਖਾਸ ਮੁਹਾਰਤ ਹਾਸਲ ਹੈ। ਉਹ ਕਾਰਡ ਉੱਤੇ ਲਿਖੀ ਇਬਾਰਤ ਵੱਲ ਬੜਾ ਧਿਆਨ ਦਿੰਦੇ ਹਨ। ਕਈ ਵਾਰ ਉਹਨਾਂ ਦੀ ਚੋਣ ਉੱਤੇ ਅਸ਼-ਅਸ਼ ਕਰ ਉੱਠਦੇ ਹਾਂ। ਉਸ ਇਬਾਰਤ ਤੋਂ ਜਿਸ ਲਈ ਕਾਰਡ ਚੁਣਦੇ ਹਨ ਉਸ ਪ੍ਰਤੀ ਪਿਆਰ ਦਾ ਪ੍ਰਗਟਾਵਾ ਤਾਂ ਹੁੰਦਾ ਹੀ ਹੈ ਇਸ ਦੇ ਨਾਲ ਨਾਲ ਉਸ ਵਿੱਚ ਕਿਹੜੇ ਗੁਣ ਅਸੀਂ ਚਾਹੁੰਦੇ ਹਾਂ ਉਹ ਵੀ ਦਿੱਤੇ ਹੁੰਦੇ ਹਨ। ਮੇਰੇ ਜਨਮ ਦਿਨ ਤੇ ਜਿਹੜਾ ਕਾਰਡ ਉਹਨਾਂ ਮੈਨੂੰ ਦਿੱਤਾ ਉਹ ਮੇਰੇ ਲਈ ਵਡਮੁੱਲੀ ਦਸਤਾਵੇਜ਼ ਬਣ ਗਿਆ ਹੈ। ਮੈਂ ਆਪਣੇ ਆਪ ਪ੍ਰਤੀ ਹੋਰ ਸੁਚੇਤ ਹੋਇਆ ਹਾਂ। ਇਸ ਕਾਰਡ ਦੀ ਇਬਾਰਤ ਦੇ ਅੰਤ ਵਿੱਚ ਮੇਰੇ ਬੱਚਿਆਂ ਨੇ ਮੇਰੀ ਪਤਨੀ ਕੁਲਵੰਤ ਕੌਰ ਦਾ ਨਾਂ ਵੀ ਲਿਖ ਕੇ ਉਹਨਾਂ ਨੂੰ ਵੀ ਸ਼ੁਭ ਇੱਛੀ ਸਾਜ਼ਸ਼ ਵਿੱਚ ਸ਼ਾਮਲ ਕਰ ਲਿਆ ਹੈ। ਕਾਰਡ ਉੱਤੇ ਛਾਪੀ ਇਬਾਰਤ ਹਾਜ਼ਰ ਹੈ-

*For a Wonderful Father*

**WITH SPECIAL LOVE ON YOUR BIRTHDAY**

*"There's a special kind of love that only families know*
*that begins with childhood trust*
*and deepens as you grow.*
*Of all the treasures life may bring,*
*family means the most*
*And whether near or far apart,*
*that love will hold you close."*

*Your birthday is a day for thinking of*
*the thoughtful things you do,*
*the love you give and joy you bring*
*our family all year through.*
*Your birthday is a day for thinking of*
*just how much it means to have*
*a caring father like you.*

*Your birthday is a day for telling you*
*how wonderful it's been*

*to know that you are always there*
*to lend a hand or give advice.*
*Your birthday is a day for letting you know,*
*Father, that you're loved, admired*
*and treasured, too.*

ਮੇਰੇ ਮਿੱਤਰ ਮੋਹਨ ਸਿੰਘ ਅਡਵਾਨੀ ਜੋ 90 ਸਾਲਾਂ ਦੇ ਹਨ। ਜਿਹੜੇ 1976 ਵਿੱਚ ਮੈਨੂੰ ਪੂਨਾ ਵਿਖੇ ਮਿਲੇ ਸਨ। ਅੱਜਕਲ ਉਹ ਅਮਰੀਕਾ ਹਨ। ਉਹ ਹਰ ਸਾਲ ਮੈਨੂੰ ਬੜੀ ਪਿਆਰੀ ਚਿੱਠੀ ਭੇਜਦੇ ਹਨ। ਉਹਨਾਂ ਦਾ ਜਨਮ ਦਿਨ ਵੀ ਚਾਰ ਅਕਤੂਬਰ ਦਾ ਹੈ। ਇਸ ਵਾਰੀ ਵੀ ਬੜੀ ਸੁੰਦਰ ਲਿਖਾਈ ਵਿੱਚ ਉਹਨਾਂ ਦੀ ਚਿੱਠੀ ਪ੍ਰਾਪਤ ਹੋਈ-

Please accept my hearty greetings for your birthday on 4th October 2001.

May the supreme being 'Waheguru' through his teachings through Sri Guru Granth Sahib Ji, guide you at every moment to lead your life with purity your thoughts, words & actions and bless all of you with supreme bliss (Charam Annand). May he by his love and grace merge you with himself during this human life. May you there by obtain freedom from future transmigrations. May the Lord master bless you with Charam Annand here and hereafter.

Let us beg for eternal life with Waheguru, every so called pain & trouble will come to an end. He is great. He is merciful. He knows each ones past presen & future. God Bless You

ਮੇਰੇ ਇੱਕ ਹੋਰ ਮਿੱਤਰ ਸ੍. ਨਰਿੰਦਰਪਾਲ ਸਿੰਘ ਨੇ ਮੈਨੂੰ ਫੋਨ ਉਤੇ ਸ਼ੁਭ ਇਛਾਵਾਂ ਦੇਣ ਦੇ ਨਾਲ ਨਾਲ ਬੜੇ ਭਾਵਪੂਰਤ ਸ਼ਬਦਾਂ ਵਾਲਾ ਕਾਰਡ ਵੀ ਭੇਜਿਆ ਹੈ। ਉਸ ਕਾਰਡ ਉੱਤੇ ਲਿਖੇ ਸ਼ਬਦ ਇਸ ਪ੍ਰਕਾਰ ਹਨ -

*When God created nature*
*He created beauty...*
*The rivers flowed,*
*The birds chirped,*
*The flowers bloomed,*
*when God created*
*nature he created a*
*wonder, you were born!*

**HAPPY BIRTHDAY**

ਤੁਸੀਂ ਵੀ ਅਰਦਾਸ ਕਰਨੀ ਵਾਹਿਗੁਰੂ ਮੇਰੇ ਕੋਲੋਂ ਉਹ ਕੰਮ ਕਰਾਵੇ ਜੋ ਉਸ ਨੂੰ ਭਾਉਂਦੇ ਹੋਣ।

# ਨਾਮਧਾਰੀ ਸੰਪਰਦਾ ਦੀ ਸੰਗੀਤ ਪਰੰਪਰਾ


## ਕਰਤਾਰ ਸਿੰਘ ਨੀਲਧਾਰੀ

162-ਏ, ਗਰੇਨ ਮਾਰਕੀਟ, ਚੰਡੀਗੜ੍ਹ


ੳ) ਜਗਤ ਜਲੰਦੇ ਨੂੰ ਤਾਰਨ ਲਈ ਇੱਕ ਅਕਾਲ ਰੂਪੀ ਬਾਬੇ ਗੁਰੂ ਨਾਨਕ ਨੇ ਜਦੋਂ ਕਮਰਕੱਸੇ ਕਰਨੇ ਸਨ ਤਾਂ ਪਹਿਲਾਂ ਭਾਈ ਮਰਦਾਨੇ ਨੂੰ ਰਬਾਬ ਪ੍ਰਾਪਤ ਕਰਨ ਲਈ ਭਾਈ ਫਿਰੰਦੇ ਕੋਲ ਭੇਜਿਆ। ਗੁਰੂ ਬਾਬੇ ਦੀ ਧੁਰ ਕੀ ਬਾਣੀ ਨੂੰ ਧਰਤੀ ਦੀ ਅੰਮ੍ਰਿਤ ਧਾਰਾ ਬਣਨ ਤੋਂ ਪਹਿਲਾਂ ਉਸ ਦਰਗਾਹੀ ਰਬਾਬ ਦੀਆਂ ਬ੍ਰਹਮ ਸੁਰਾਂ ਵਿੱਚੋਂ ਗੁਜਰਨਾ ਪੈਂਦਾ ਸੀ। ਗੰਗਾ ਨੂੰ ਸੁਅਰਗ ਤੋਂ ਲਿਆ ਕੇ ਧਰਤੀ ਦੀ ਲੋਕਾਈ ਦੀ ਜੀਵਨ-ਧਾਰਾ ਬਣਾਨ ਲਈ ਭਾਗੀਰਥ ਨੂੰ ਸ਼ਿਵ ਅਰਾਧਨਾ ਕਰਨੀ ਪਈ ਤਾਂ ਜੁ ਇਸਦੇ ਵੇਗ ਨੂੰ ਸਹਾਰ ਕੇ ਸਹਿਜ ਰੂਪ ਵਿੱਚ ਗੰਗਾ ਅਵਰਤਰਨ ਲਈ ਸਹਾਇਕ ਹੋਣ। ਇਹ ਗੰਗਾ ਹਿੰਦੂ ਧਰਮ ਦੀ ਜੀਵਨ ਧਾਰਾ ਭਗੀਰਥੀ ਬਣੀ ਭਾਵੇਂ ਇਹ ਸਾਖੀ ਪ੍ਰਤੱਖ ਨਾਲੋਂ ਅਪ੍ਰਤੱਖ ਰਹੱਸ ਤੇ ਸੰਕੇਤ ਛੁਪਾ ਕੇ ਜਗ ਜਾਹਿਰ ਹੋਈ ਹੈ। ਪਰ ਸਿੱਖ ਧਰਮ ਦੀ ਜੀਵਨ ਧਾਰਾ ਸੱਚੇ ਅਰਥਾਂ ਵਿੱਚ ਕੀਰਤਨ ਵਿੱਚ ਹੀ ਹੈ ਅਤੇ ਇਸ ਕੀਰਤਨ ਦੀ ਪਰੰਪਰਾ ਤੇ ਉਪਮਾ ਪ੍ਰਥਾਇ ਪੂਰਾ ਗ੍ਰੰਥ ਲਿਖਿਆ ਜਾ ਸਕਦਾ ਹੈ। ਭਾਈ ਮਰਦਾਨਾ ਜੀ ਨੇ ਅਨਹਦ ਨਾਦ ਦੇ ਅੰਮ੍ਰਿਤ ਵਿੱਚ ਗੜੁੱਚ ਹੋਕੇ ਤਿੰਨ ਸ਼ਲੋਕ ਉਚਾਰੇ ਅਤੇ ਗੁਰੂ ਨਾਨਕ ਨਾਮਰਸ ਵਿੱਚ ਬੇਖੁਦ ਹੋਕੇ ਨਾਨਕ ਨਾਮ ਦੀ ਵਰਤੋਂ ਵੀ ਕੀਤੀ। ਇਹ ਤਿੰਨ ਸਲੋਕ ਵਾਰ ਬਿਹਾਗੜਾ ਦੀ ਬਾਰਹਵੀਂ ਪਉੜੀ ਨਾਲ ਦਰਜ ਕੀਤੇ ਗਏ ਹਨ। ਇਸ ਤਰ੍ਹਾਂ ਗੁਰੂ ਨਾਨਕ, ਗੁਰਬਾਣੀ, ਰਬਾਬ ਤੇ ਰਬਾਬੀ ਮਰਦਾਨਾ ਇੱਕ ਰੂਪ ਹੋਕੇ ਸਿੱਖ ਸੰਗਤਾਂ ਪਾਸੋਂ ਸਮਾਨ ਸਮਾਦਰ ਲੈ ਰਹੇ ਹਨ। ਪੰਜਵੇਂ ਜਾਮੇ ਨੇ ਅਹੰਕਾਰ ਵਸ ਸਰਾਪੇ ਗਏ ਸੱਤੇ-ਬਲਵੰਡ ਨੂੰ ਬਖ਼ਸ਼ ਕੇ, ਪ੍ਰਾਇਸ਼ਚਿਤ ਰੂਪ ਵਿੱਚ ਨਿਰਮਲ ਮਨ ਨਾਲ ਉਚਾਰੀ, ਉਨ੍ਹਾਂ ਦੀ ਰਾਮਕਲੀ ਦੀ ਵਾਰ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਭਾਈ ਮਰਦਾਨਾ ਜੀ ਦੇ ਕੀਰਤਨੀ ਰਬਾਬੀ ਵਾਲੀ ਸਤਿਕਾਰ ਪਰੰਪਰਾ ਨੂੰ ਅੱਗੇ ਤੋਰਿਆ ਗਿਆ। ਇਹ ਵਾਰ ਟਿੱਕੇ ਦੀ ਵਾਰ ਕਹੀ ਜਾਂਦੀ ਹੈ ਅਤੇ ਮਗਰਲੇ ਗੁਰੂਆਂ ਦੀ ਗੁਰੂ ਗੱਦੀ ਤੇ ਬਿਰਾਜਮਾਨਤਾ ਸਮੇਂ ਗਾਈ ਜਾਂਦੀ ਰਹੀ ਹੈ। ਇਸ ਵਿਲੱਖਣ ਵਾਰ ਵਿੱਚ ਗੁਰੂ ਪਰੰਪਰਾ ਦੀ ਉਸਤਤਿ ਨਾਲ ਦੂਜੇ ਜਾਮੇ ਦੇ ਮਹਿਲ ਮਾਤਾ ਖੀਵੀ ਜੀ ਦੀ ਲੰਗਰ ਸੇਵਾ ਦੀ ਉਪਮਾ ਤੋਂ ਅਲਾਵਾ ਗੁਰੂ ਘਰ ਦੀ ਲੰਗਰ ਦੀ ਸੰਪੰਨ ਪਰੰਪਰਾ ਦੇ ਵੇਰਵੇ ਦਰਜ ਹੋਏ ਹਨ।

ਗੁਰੂ ਘਰ ਵਿੱਚ ਕੀਰਤਨ ਤੇ ਸੰਗੀਤ ਦੀ ਅਟੁੱਟ ਪਰੰਪਰਾ ਨੇ "ਘਰ ਘਰ ਹੋਵੇ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ" ਦੀ ਪਰੰਪਰਾ ਨਾਲ ਨਿਤ ਵੈਸਾਖੀ ਦੇ ਮੇਲਿਆਂ ਦਾ ਮਾਹੌਲ ਬਣਾ ਕੇ ਗੁਰ ਸੰਗਤ-ਪਰੰਪਰਾ ਨੂੰ ਸਦਾ ਹੀ ਜੀਵੰਤ ਰੱਖਿਆ ਅਤੇ ਗੁਰੂ ਲੰਗਰ ਪਰੰਪਰਾ ਨੇ ਸ਼ਰੀਰ ਲੋੜਾਂ ਦੀ ਤ੍ਰਿਪਤੀ ਲਈ ਸਿਰਜੀ ਪੰਗਤ ਰੀਤ ਨਾਲ ਗੁਰ ਸੰਗਤ ਨੂੰ ਗੁਰਮੁਖ ਗਾਡੀ ਰਾਹ ਬਣਾ ਦਿੱਤਾ ਤੇ ਧਰਮਸ਼ਾਲਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਗੁਰੂ-ਦਵਾਰੇ ਬਣ ਗਏ। ਇੱਥੇ ਇਹ ਨਹੀਂ ਭੁਲਣਾ ਚਾਹੀਦਾ ਕਿ ਗੁਰ ਸੰਗਤ ਲਈ ਸਿਰਜੇ ਗਏ ਪਹਿਲੇ ਧਰਮ ਕੇਂਦਰ ਨੂੰ ਹਰਿਮੰਦਰ ਨਾਮ ਦਿੱਤਾ ਗਿਆ ਤੇ ਅਜ ਵੀ ਇਹ ਨਾਮ ਸਿੱਖ ਧਰਮ ਦੇ ਪਿਛੋਕੜ ਦੇ ਫਲਸਫੇ ਨੂੰ ਮੂਰਤ ਰੂਪ ਕਰ ਰਿਹਾ ਹੈ। ਕਾਲਾਂਤਰ ਵਿੱਚ ਸੋਨੇ ਦੇ ਪਤਰਿਆਂ ਨਾਲ ਇਸ ਦਾ ਵੈਭਵਸ਼ਾਲੀ ਰੂਪ ਸਵਰਨ ਮੰਦਿਰ ਵੀ ਕਿਹਾ ਗਿਆ ਪਰ ਇਹ ਵਿਦੇਸ਼ੀ ਪ੍ਰਤੀਕਰਮ ਬਾਹਰਲੀ ਦਿੱਖ ਲਈ ਹੀ ਕਿਹਾ ਜਾ ਸਕਦਾ ਹੈ। ਹਰਿਮੰਦਰ ਵਿੱਚ ਅਨਵਰਤ ਚਲ ਰਹੀ ਕੀਰਤਨ ਪਰੰਪਰਾ ਧੁਰ ਕੀ ਬਾਣੀ ਰਾਹੀਂ ਗੁਰ ਸਿੱਖ ਜੀਵਾਤਮਾਵਾਂ ਨੂੰ ਕੇਵਲ ਇੱਕ ਪਰਮਾਤਮਾ ਨਾਲ ਜੋੜਨ ਦਾ ਹੀ ਏਕਾਕੀ ਮਾਧਿਅਮ ਹੈ।

ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1708 ਵਿੱਚ ਜੋਤੀ ਜੋਤਿ ਸਮਾ ਜਾਣ ਦਾ ਕੌਤਕ ਰਚਾਇਆ। ਬਾਬਾ ਬੰਦਾ ਸਿੰਘ ਬਹਾਦੁਰ ਦੀ ਕਮਾਨ ਵਿੱਚ ਆਰੰਭੇ ਖਾਲਸਾਈ ਸੰਘਰਸ਼ ਨੇ ਮਿਸਲਾਂ ਦੇ ਰਾਜ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦਾ ਵੈਭਵ ਪਾਇਆ। ਸੰਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋਇਆ ਤੇ ਅਗਲੇ ਦਸ ਸਾਲ ਰਾਜ ਕੁਮਾਰਾਂ ਤੇ ਵਜੀਰਾਂ ਦੇ ਖੂਨ ਨਾਲ ਸਿਰਜੇ ਲਾਲ ਗਲੀਚੇ ਉੱਤੇ ਤੁਰ ਕੇ ਸੰਨ 1849 ਵਿੱਚ ਅੰਗਰੇਜ਼ਾਂ ਨੇ ਖਾਲਸਾ ਰਾਜ ਦਾ ਨਾਮ ਮਿਟਾ ਦਿੱਤਾ ਤੇ ਗੁਲਾਮੀ ਦੇ ਸੰਗਲ ਜੜ ਦਿੱਤੇ। ਸੰਨ 1857 ਦੀ

ਵੈਸਾਖੀ ਨੂੰ ਲੁਧਿਆਣਾ ਦੇ ਇੱਕ ਗੁਮਨਾਮ ਪਿੰਡ ਭੈਣੀ ਭੂੰਦੜਾਂ ਵਿੱਚ ਇੱਕ ਸੰਤ ਸਿਪਾਹੀ ਨੇ ਨਾਮ ਦੀ ਜੋਤਿ ਨੂੰ ਜਗਾ ਕੇ ਨਾਮ ਸਿਮਰਨ, ਗੁਰਬਾਣੀ ਪਾਠ ਤੇ ਦਸ਼ਮੇਸ਼ ਗੁਰੂ ਰਹਿਤ ਮਰਯਾਦਾ ਨੂੰ ਸੁਰਜੀਤ ਕਰਕੇ ਸੰਤ ਖਾਲਸਾ ਸਾਜਿਆ। ਇਸ ਨੂੰ ਸਮਕਾਲੀ ਲੇਖਕ ਗਿਆਨੀ ਗਿਆਨ ਸਿੰਘ ਨੇ ਇੰਝ ਬਿਆਨ ਕੀਤਾ ਹੈ।

ਕਬਿੱਤ 9 ਪਾਇ ਏਹ ਹੁਕਮ ਪ੍ਰਮੇਸ਼ ਕਾ ਬਿਸੇਸ ਫਿਰ,
ਰਾਮ ਮਿਗ੍ਰੇਸ ਉਪਦੇ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ,
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੱਖ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆਗਿਓ।

ਇਸ ਤਰ੍ਹਾਂ ਅਨਾਚਾਰ ਦੇ ਉਸ ਮਾਹੌਲ ਵਿੱਚ ਗੁਰਮਤਿ ਸਦਾਚਾਰ ਦੇ ਉਪਦੇਸ਼ ਦੀ ਪਹਿਲ ਦੇ ਨਾਲ ਤੇ ਨਾਮ ਸਿਮਰਨ ਦੀ ਪ੍ਰਮੁਖਤਾ ਨਾਲ ਇਹ ਸੰਪ੍ਰਦਾ ਨਾਮਧਾਰੀ ਪੰਥ ਕਹੀ ਗਈ। ਕਲਜੁਗ ਵਿੱਚ ਰੁੜ੍ਹੇ ਜਾਂਦੇ ਸਮਾਜ ਨੂੰ ਸੰਤ ਖਾਲਸਾ ਦੇ ਰੂਪ ਵਿੱਚ ਸਤਿਜੁਗੀ ਮਾਹੌਲ ਅਤੇ ਪੁਨਰ ਜਾਗਰਿਤੀ ਵਿੱਚ ਅੰਤਰ ਜੋਤਿ ਜਗਾਣ ਦਾ ਖੁੱਲਾ ਅਵਸਰ ਪ੍ਰਦਾਨ ਕਰਕੇ ਇਸ ਸੰਤ ਖਾਲਸੇ ਨੂੰ ਦਸ਼ਮੇਸ਼ ਬਾਣੀ ਅਨੁਸਾਰ ਪ੍ਰਤੱਖ ਪਰਿਭਾਸ਼ਿਤ ਕੀਤਾ ਗਿਆ *"ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੋ।"*

ਨਾਮਧਾਰੀ ਪੰਥ ਦੀ ਸਾਜਨਾ ਤੋਂ ਕਰੀਬਨ 12 ਸਾਲ ਪਹਿਲਾਂ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਗੁਰਬਾਣੀ ਪਾਠ ਦੇ ਨਿਤਨੇਮ ਨਾਲ ਨਿਤਾਪ੍ਰਤੀ ਢੋਲਕੀ ਨਾਲ ਕੀਰਤਨ ਕਰਦੇ ਹੁੰਦੇ ਸਨ ਅਤੇ ਪਰਿਵਾਰ ਦੇ ਜੀਆਂ ਨੂੰ ਛੈਣਿਆਂ ਨਾਲ ਸੰਗਤ ਕਰਨ ਲਈ ਉਤਸ਼ਾਹਿਤ ਕਰਦੇ ਹੁੰਦੇ ਸਨ। ਸੰਤ ਖਾਲਸਾ ਦੀ ਸਿਰਜਨਾ ਕਰਕੇ ਨਿਤਨੇਮ ਸਤਿਸੰਗ ਵਿੱਚ ਆਸਾ ਦੀ ਵਾਰ ਦਾ ਢੋਲਕੀ ਤੇ ਛੈਣਿਆਂ ਨਾਲ ਕੀਰਤਨ ਆਰੰਭਿਆ ਤੇ ਪਹਿਲੇ ਦਿਨ ਅੰਮ੍ਰਿਤ ਪਾਨ ਕਰਨ ਵਾਲਿਆਂ ਵਿੱਚੋਂ ਸੂਰਮਾ ਸਿੰਘ ਭਾਈ ਆਤਮਾ ਸਿੰਘ ਜੀ ਇੱਕ ਉੱਘੇ ਰਾਗੀ ਸਨ। ਇਸ ਤਰ੍ਹਾਂ ਕੀਰਤਨ ਨਿਤਨੇਮ ਵਿੱਚ ਸਤਿਗੁਰੂ ਜੀ ਨੇ ਉੱਚੀ ਸੁਰ ਵਿੱਚ ਕੀਰਤਨ ਕਰਨ ਦੀ ਨਵੀਂ ਰੀਤ ਸ਼ੁਰੂ ਕੀਤੀ ਜਿਸਨੂੰ ਹੱਲੇ ਦਾ ਦੀਵਾਨ ਤੇ ਆਸਾ ਦੀ ਵਾਰ ਨੂੰ ਵਾਰਾ ਕਿਹਾ ਜਾਣ ਲੱਗਿਆ। ਅੰਮ੍ਰਿਤ ਵੇਲੇ ਕੀਰਤਨ ਦੀ ਤਾਰ ਸਪਤਕ ਵਿੱਚ ਪੈਂਦੀਆਂ ਗੂੰਜਾਂ ਦੀ ਕੂਕ ਨੇ ਨਾਮਧਾਰੀਆਂ ਨੂੰ ਕੂਕੇ ਵਿਖਿਆਤ ਕਰ ਦਿੱਤਾ ਤੇ ਮਗਰੋਂ ਇਹੋ ਨਾਮ ਸਰਕਾਰੀ ਦਸਤਾਵੇਜਾਂ ਵਿੱਚ ਦਰਜ ਹੋਇਆ। ਇਸ ਤਰ੍ਹਾਂ ਸਿੱਖ ਧਰਮ ਵਿੱਚ ਰਬਾਬੀ ਤੰਤ੍ਰੀ ਕੀਰਤਨ ਦੇ ਨਾਲ ਪੰਚਮ ਜਾਮੇ ਸਮੇਂ ਜੋਟੀਆਂ ਦੇ ਕੀਰਤਨ ਦੀ ਪਿਰਤ ਵੀ ਪਈ ਸੀ। ਛੇਵੇਂ ਜਾਮੇ ਸਮੇਂ ਢਾਡੀਆਂ ਨੂੰ ਭਗਤੀ ਰਸ ਦੀ ਵਾਰਾਂ ਨੂੰ ਸੂਰਮਿਆਂ ਦੀ ਪ੍ਰਚਲਿਤ ਧੁਨੀਆਂ ਵਿੱਚ ਗਾਉਣ ਲਈ ਪ੍ਰੋਤਸਾਹਿਤ ਕੀਤਾ ਗਿਆ। ਦਸਵੇਂ ਜਾਮੇ ਸਮੇਂ ਤਕ ਇਹ ਤਿੰਨੇ ਰੀਤਾਂ ਹੀ ਪ੍ਰਫੁਲਿਤ ਹੁੰਦੀਆਂ ਰਹੀਆਂ। ਨਾਮਧਾਰੀਆਂ ਪੰਥ ਦੀ ਸਾਜਨਾ ਨਾਲ ਜਿਹੜੀ ਨਵੀਂ ਰੀਤ ਹੋਂਦ ਵਿੱਚ ਆਈ ਉਸਦੇ ਬਦਲੇ ਰੂਪ ਵਿੱਚ ਕਈ ਥਾਂ ਛੈਣਿਆਂ ਦੀ ਥਾਂ ਚਿਮਟੇ ਦਾ ਪ੍ਰੇਵਸ਼ ਵੀ ਹੋਇਆ। ਤੰਤ੍ਰੀ ਸਾਜ ਵਜਾਉਣ ਵਾਲਿਆਂ ਦੇ ਏਕਾਧਿਕਾਰ ਨੂੰ ਪੇਟੀ ਮਾਸਟਰਾਂ (ਹਾਰਮੋਨੀਯਮ ਵਾਜਾ ਵਜਾਉਣ ਵਾਲਿਆਂ) ਨੇ ਸੌਖੇ ਹੀ ਤੋੜ ਲਿਆ। ਉੱਚੀ ਸੁਰਾਂ ਵਾਲੇ ਨਾਮਧਾਰੀਆਂ ਦੇ ਹੱਲੇ ਦੇ ਕੀਰਤਨ ਨੂੰ ਇਹ ਵਾਜਾ ਹੋਰ ਵੀ ਰਾਸ ਆਇਆ ਹੋਇਆ ਹੈ ਕਿਉਂਕਿ ਇਸ ਵਿੱਚ ਵੀ ਸੰਗੀਤ ਦੀ ਸੁਰ ਨਹੀਂ ਤਾਲਜਾਂ ਨਾਦ ਪ੍ਰਮੁਖ ਹੁੰਦਾ ਹੈ।

ਪੰਥ ਪ੍ਰਚਾਰ ਦੇ ਵਿਕਾਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਛੇ ਰਾਗੀ ਤੇ ਢਾਡੀ ਜਥੇ ਰਹਿੰਦੇ ਸਨ। ਅੰਮ੍ਰਿਤ ਵੇਲੇ ਵਾਰਾ ਲਗਾ ਕੇ ਪ੍ਰਚਾਰ ਦੌਰੇ ਹੇਠਲੇ ਪਿੰਡ ਵਿੱਚ ਕੀਰਤਨ ਦੀਆਂ ਗੂੰਜਾਂ ਪਾ ਕੇ ਸੁੱਤਿਆਂ ਨੂੰ ਜਗਾ ਦਿੱਤਾ ਜਾਂਦਾ। ਮਗਰੋਂ ਰਬਾਬੀਆਂ ਦਾ ਮਧੁਰ ਕੀਰਤਨ ਹੁੰਦਾ ਤੇ ਫੇਰ ਢਾਡੀਆਂ ਨੂੰ ਸਮਾਂ ਮਿਲਦਾ। ਵਾਰੇ ਵਿੱਚ ਸਤਿਗੁਰੂ ਜੀ ਆਪ ਪੂਰਾ ਹਿੱਸਾ ਲੈਂਦੇ ਹੁੰਦੇ ਸਨ ਤੇ ਕਦੀ ਢੋਲਕੀ ਤੇ ਕਦੀ ਛੈਣਿਆਂ ਨਾਲ ਤਾਲ ਵੀ ਪੂਰਦੇ ਸਨ। ਸਨ 1836 ਵਿੱਚ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿੱਚ ਨਜ਼ਰ ਬੰਦ ਕਰ ਦਿੱਤਾ ਗਿਆ ਤੇ ਉਨ੍ਹਾਂ ਦੇ

ਮੁਕੱਰਰ ਕੀਤੇ ਪਹਿਲੇ ਪੰਜ ਤੇ ਮਗਰਲੇ ਸਤਾਰਾਂ ਸੂਬਿਆਂ ਉੱਤੇ ਵੀ ਬੰਦਿਸ਼ਾਂ ਲਾਈਆਂ ਗਈਆਂ। ਇਸ ਸਮੇਂ ਮੁਖ ਰਾਗੀ ਢਾਡੀ ਜਥਿਆਂ ਅਤੇ ਬਿਹੰਮਮ ਸਾਧਾਂ ਨੂੰ ਪਿੰਡ ਪਿੰਡ ਜਾਕੇ ਧਰਮ ਪ੍ਰਚਾਰ ਲਈ ਪ੍ਰੇਰਿਆ ਗਿਆ। ਨਜ਼ਰਬੰਦ ਤੇ ਪੌਣੇ ਚਾਰ ਸਾਲਾਂ ਵਿੱਚ ਨਾਮਧਾਰੀ ਸੰਗਤਾਂ ਦੀ ਗਿਣਤੀ ਸਵਾਲੱਖ ਤੋਂ ਵਧ ਕੇ ਤਿੰਨ ਗੁਣਾ ਹੋ ਗਈ ਤੇ ਅਜਿਹਾ ਨਿਰਛੱਲ ਕੀਰਤਨੀਆਂ ਰਾਹੀਂ ਹੀ ਸੰਭਵ ਹੋਇਆ ਸੀ।

18 ਜਨਵਰੀ ਸੰਨ 1872 ਸਤਿਗੁਰੂ ਰਾਮ ਸਿੰਘ ਜੀ ਅਤੇ ਦਸ ਮੁਖੀ ਸੇਵਕਾਂ ਨੂੰ ਪਹਿਲਾਂ ਪੰਜਾਬ ਤੇ ਮਗਰੋਂ ਦੇਸ਼ ਤੋਂ ਜਲਾਵਤਨ ਕਰ ਦਿੱਤਾ ਗਿਆ। 17-18 ਜਨਵਰੀ ਨੂੰ ਬਿਨਾਂ ਮੁਕਦਮਾ ਚਲਾਏ ਜਿਹੜੇ 65 ਨਾਮਧਾਰੀ ਤੋਪਾਂ ਨਾਲ ਉਡਾਏ ਗਏ ਤੇ ਇੱਕ ਨੂੰ ਕਤਲ ਕੀਤਾ ਗਿਆ ਜਾਂ ਪਹਿਲੀਆਂ ਝੜਪਾਂ ਵਿੱਚ ਜਿਹੜੇ 10 ਬੰਦੇ ਮਰੇ ਅਥਵਾ 4 ਕਾਲੇ ਪਾਣੀ ਭੇਜੇ ਗਏ, ਇਹ ਸਾਰੇ ਹੀ ਨਾਮ ਦੇ ਰਸੀਏ ਤੇ ਢੋਲਕੀ ਛੈਣਿਆਂ ਨਾਲ ਕੀਰਤਨ ਕਰਕੇ ਬੇਖੁਦ ਹੋ ਜਾਣ ਵਾਲੇ ਮਸਤਾਨੇ ਸਨ। ਇਨ੍ਹਾਂ ਨੂੰ ਕੀਰਤਨ ਦੀਆਂ ਕੂਕਾਂ ਨੇ ਜੀਵਨ ਮੁਕਤ ਕਰ ਦਿੱਤਾ ਸੀ ਅਤੇ ਇਹ ਲੋਕ ਮੌਤ ਨੂੰ ਮਜਾਕਾਂ ਕਰਦੇ ਹੋਏ ਸ਼ਹੀਦ ਹੁੰਦੇ ਹੋਏ ਵਕਤ ਦੇ ਹਾਕਿਮ ਡੀਸੀ ਰਾਵਨ ਨੂੰ ਕਹਿ ਰਹੇ ਸਨ- ਬਿੱਲਿਆ ਕਰ ਲੈ ਮਨ ਆਈਆਂ। ਮਰ ਕੇ ਫੇਰ ਜਨਮ ਲੈ ਕੇ ਹਿੰਦ ਵਿੱਚ ਗਦਰ ਮਚਾਉਣ ਲਈ ਆ ਜਾਵਾਂਗੇ। ਇਸ ਤਰ੍ਹਾਂ ਨਾਮਧਾਰੀਆਂ ਦੇ ਕੀਰਤਨ ਦੀ ਕੂਕਾਂ ਨੇ ਜਿੱਥੇ ਲੋਕਾਈ ਦੀ ਸੁੱਤੀ ਆਤਮਾ ਨੂੰ ਲਗਾਇਆ ਸੀ ਉੱਥੇ ਜੰਗੇ ਆਜ਼ਾਦੀ ਦੀ ਨੀਂਹ ਧਰਕੇ, ਫਿਰੰਗੀ ਨੂੰ ਲੰਦਨੋ ਪਾਰ ਭੇਜਣ ਦੇ ਨਾਹਰਿਆਂ ਨਾਲ ਹੱਸ ਹੱਸ ਕੇ ਫਾਂਸੀਆਂ ਤੇ ਤੋਪਾਂ ਨਾਲ ਸੁਰ ਤਾਲ ਰਲਾਇਆ ਸੀ।

ਏ) ਸੰਨ 1872 ਤੋਂ ਬਾਦ ਭੈਣੀ ਸਾਹਿਬ ਵਿੱਚ ਬੈਠੀ ਪੁਲਿਸ ਚੌਕੀ ਦੀਆਂ ਬੰਦਿਸ਼ਾਂ ਅਧੀਨ ਕੀਰਤਨ ਛਡ ਕੇ ਪਾਠ ਕਰਨਾ ਵੀ ਵੱਡਾ ਅਪਰਾਧ ਹੋ ਗਿਆ, ਰੰਗੂਨ ਤੋਂ ਭੇਜੇ ਹੁਕਮਨਾਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਬਾਰ ਬਾਰ ਗੁਰਬਾਣੀ ਪਾਠ ਅਤੇ ਧੀਮੇ ਧੀਮੇ ਜੋਟੀਆਂ ਦੇ ਸ਼ਬਦ ਪੜ੍ਹਨ ਦੀ ਪ੍ਰੇਰਣਾ ਦਿੱਤੀ। ਢਾਡੀਆਂ ਦਵਾਰਾ ਗਾਈ ਜਾਣ ਵਾਲੀ ਚੰਡੀ ਦੀ ਵਾਰ ਦਾ ਪਾਠ ਵੀ ਬਿਨਾ ਆਵਾਜ਼ ਕਢੇ ਕਰਨ ਦਾ ਹੁਕਮ ਦੇ ਕੇ ਨਿਤਨੇਮ ਪੂਰਾ ਕਰਨ ਲਈ ਆਦੇਸ਼ ਦਿੱਤੇ। ਸੰਨ 1890 ਵਿੱਚ ਭੈਣੀ ਸਾਹਿਬ ਵਿੱਚ ਚੌਕੀ ਘਰ ਤੋਂ ਦੂਰ ਗਲੀ ਵਿੱਚ ਕਾਇਮ ਹੋਈ ਤੇ ਮਗਰੋਂ ਲੋਹ ਲੰਗਰ ਦੇ ਮੁਖੀ ਮਹਾਰਾਜ ਹਰੀ ਸਿੰਘ ਜੀ ਨੂੰ ਸਰਕਾਰੀ ਆਗਿਆ ਲੈਕੇ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਖੁੱਲ੍ਹ ਹੋ ਗਈ। ਮਗਰੋਂ ਜ਼ਰੂਰੀ ਆਗਿਆ ਲੈਕੇ ਮੇਲੇ ਕਰਨ ਦੀ ਖੁੱਲ ਹੋ ਗਈ ਅਤੇ ਆਪਣੇ 1899 ਤੋਂ 1905 ਤੱਕ ਪੰਜ ਹੋਲੇ ਮੇਲੇ ਕੀਤੇ। ਬਾਹਰ ਦੌਰਿਆਂ ਵਿੱਚ ਸਵੇਰ ਸ਼ਾਮ ਤੇ ਮੇਲਿਆਂ ਵਿੱਚ ਸਾਰਾ ਸਾਰਾ ਦਿਨ ਕੀਰਤਨ ਰੰਗ ਖੁਲ੍ਹਣੇ ਸ਼ੁਰੂ ਹੋ ਗਏ।

ਸ) ਮਹਾਰਾਜ ਹਰੀ ਸਿੰਘ ਜੀ ਨੇ 1906 ਨੂੰ ਚੋਲਾ ਛੱਡਿਆ ਤਾਂ ਆਪਣੀ ਮਾਤਾ ਦੀ ਸਰਪ੍ਰਸਤੀ ਹੇਠ ਮਹਾਰਾਜ ਪ੍ਰਤਾਪ ਸਿੰਘ ਜੀ ਅੰਗ੍ਰੇਜ਼ੀ ਬੰਦਿਸ਼ਾਂ ਅਧੀਨ ਦੌਰੇ ਮੇਲੇ ਕਰਦੇ ਰਹੇ। ਸੰਨ 1923 ਵਿੱਚ ਭੈਣੀ ਸਾਹਿਬ ਤੋਂ ਪੁਲਿਸ ਚੌਕੀ ਹਟਾਈ ਗਈ ਪਰ ਉਸ ਤੋਂ ਪਹਿਲਾਂ ਸੰਨ 1920 ਵਿੱਚ ਨਾਮਧਾਰੀ ਦਰਬਾਰ ਦੇ ਨਾਮ ਹੇਠ ਧਾਰਮਿਕ ਤੇ ਰਾਜਨੈਤਿਕ ਗਤੀਵਿਧੀਆਂ ਤੀਬਰ ਹੋ ਗਈਆਂ ਸਨ। ਮਹਾਰਾਜ ਪ੍ਰਤਾਪ ਸਿੰਘ ਜੀ ਨੂੰ ਉਨ੍ਹਾਂ ਦੇ ਪਿਤਾ ਨੇ ਭਾਈ ਮਸਤਾਨ ਸਿੰਘ ਜੀ ਪਟਿਆਲੇ ਵਾਲੇ ਅਤੇ ਭਾਈ ਕਾਲੂ ਨਾਰੋਵਾਲ ਵਾਲਿਆਂ ਤੋਂ ਸੰਗੀਤ ਵਿਦਿਆ ਦੁਆਈ ਸੀ। ਆਪਣੇ ਨਿੱਜੀ ਅਭਿਆਸ ਵਿੱਚ ਸੰਗੀਤ ਪ੍ਰੇਮ ਨੂੰ ਹਮੇਸ਼ਾ ਪ੍ਰਮੁੱਖਤਾ ਦਿੱਤੀ ਤੇ ਸੁਣਦੇ-ਮਿਲਦੇ ਕਲਾਕਾਰ ਪਾਸੋਂ ਸੰਗੀਤ ਰਸ ਲੈ ਕੇ ਮਸਤ ਹੁੰਦੇ ਤੇ ਉਸ ਦੀ ਪਰਿਵਾਰ ਪਰਵਰਿਸ਼ ਕਰਕੇ ਖੁਸ਼ ਹੁੰਦੇ। ਦਰਵੇਸ਼ ਕਲਾਕਾਰਾਂ ਕੋਲੋਂ ਸਾਰੀਆਂ ਮਰਯਾਦਾਵਾਂ ਤੋੜ ਕੇ ਵੀ ਸੰਗੀਤ ਰਸ ਲੈਣ ਲਈ ਤਤਪਰ ਰਹਿੰਦੇ। ਪੰਡਿਤ ਵਿਸ਼ਨੂੰ ਦਿਗੰਬਰ ਪੁਲਸਕਰ ਜੀ ਨੂੰ ਬੁਲਾ ਕੇ ਕੋਲ ਰੱਖ ਕੇ ਸੰਗੀਤ ਸ੍ਰਵਣ ਕੀਤਾ। ਨਜ਼ਾਕਤ ਅਲੀ ਸਲਾਮਤ ਅਲੀ ਇਨ੍ਹਾਂ ਦੇ ਦਰਬਾਰ ਵਿੱਚ ਹਾਜ਼ਰੀ ਭਰਕੇ ਨਿਹਾਲ ਹੁੰਦੇ ਸਨ।

ਮਹਾਰਾਜ ਪ੍ਰਤਾਪ ਸਿੰਘ ਜੀ ਦੀ ਸ਼ਾਸ਼ਤਰੀ ਸੰਗੀਤ ਧਰੁਪਦ-ਧਮਾਰ ਪ੍ਰਤੀ ਅਥਾਹ ਰੁਚੀ ਸੀ। ਉਹ ਖੁਦ ਸਿਤਾਰ, ਸਾਰੰਦਾ ਤੇ ਦਿਲਰੁਬਾ ਨਾਮੀ ਤੰਤੀ ਸਾਜ ਕੁਸ਼ਲਤਾ ਨਾਲ ਵਜਾਂਦੇ ਸਨ ਤੇ ਲੋੜ ਪੈਣ ਤੇ ਤਬਲੇ ਤੇ ਮਾਹਿਰ ਹੱਥ ਚਲਾਂਦੇ ਸਨ। ਧਮਾਰ, ਤੀਨ ਤਾਨ, ਪੰਜਾਬੀ ਠੇਕਾ ਉਹਨਾਂ ਦੇ ਮਨ ਪਸੰਦ ਤਾਲ ਸਨ। ਪ੍ਰਸਿੱਧ ਸੰਗੀਤਕਾਰ ਸੁਰਿੰਦਰ ਸਿੰਘ (ਸਿੰਘ ਬੰਧੂ) ਜੀ ਦੇ ਅਨੁਸਾਰ, 'ਮਹਾਰਾਜ ਪ੍ਰਤਾਪ ਸਿੰਘ ਜੀ ਸੰਗੀਤ ਦੀ ਆਤਮਾ ਸਨ।' ਆਪ ਖੁਦ ਤਾਊਸ ਵਜਾਂਦੇ ਤੇ ਨੇੜੇ ਦੇ ਸੇਵਕਾਂ ਨੂੰ ਕੀਰਤਨ ਵੱਲ ਪ੍ਰੇਰਿਤ ਕਰਦੇ ਇਸ ਤਰ੍ਹਾਂ ਕਈ ਸੇਵਕ ਤੇ ਪਾਠੀ ਵੀ ਕੀਰਤਨ ਵਿੱਚੋ

ਬੇਲੌਂਸ ਕੀਰਤਨ ਕਰਦੇ ਸਨ। ਲੋਕ ਗੀਤਾਂ ਗੀਤਾਂ ਪ੍ਰਤੀ ਉਨਾਂ ਦੀ ਰੁੱਚੀ ਵੀ ਬਿਰਹੀ ਆਤਮਾ ਦੀ ਪੁਕਾਰ ਬਣ ਜਾਂਦੀ। ਇੱਕ ਵਾਰੀ ਆਪ ਬੇੜੀ ਵਿੱਚ ਬੈਠ ਕੇ ਰਾਵੀ ਵਿੱਚ ਸੈਰ ਕਰ ਰਹੇ ਸਨ ਤਾਂ ਤਾਊਸ ਛੇੜ ਕੇ ਆਪਣੇ ਲੋਕ ਧੁਨ- 'ਲੰਘ ਆ ਜਾ ਪਤਨ ਝਨਾਂ ਦਾ ਯਾਰ' ਗਾਈ ਤੇ ਇਸ ਗੀਤ ਦੀ ਪੀੜ ਪੁਕਾਰ ਨਾਲ ਉਨ੍ਹਾਂ ਦੇ ਹਿਰਦੇ ਵਿੱਚ ਗੁਰੂ ਰਾਮ ਸਿੰਘ ਦੇ ਬਿਰਹਾ ਵਿਛੋੜੇ ਦੀ ਤੜਪ ਜਾਗ ਪਈ। ਹੰਝੂ ਅੱਖਾਂ ਤੋਂ ਵਗ ਵਗ ਕੇ ਦਾਹੜੇ ਤੇ ਸ਼ਬਨਮ ਬਣ ਕੇ ਚਮਕਣ ਲਗ ਪਏ, ਐਸੇ ਕੋਮਲ ਬਿਰਹੀ ਸੰਗੀਤਕਾਰ ਸਨ ਉਹ।

ਮਹਾਰਾਜ ਪ੍ਰਤਾਪ ਸਿੰਘ ਜੀ ਨੇ ਆਪਣੇ ਸਪੁੱਤਰ ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਨੂੰ ਸਿਮਰਨ ਸੇਵਾ ਅਤੇ ਸੰਗੀਤ ਨਾਲ ਬਚਪਨ ਵਿੱਚ ਹੀ ਜੋੜ ਦਿੱਤਾ। ਸ਼ਾਸ਼ਤਰੀ ਸੰਗੀਤ ਤੇ ਸ਼ਬਦ ਗਾਇਨ ਦੀਆਂ ਪੁਰਾਤਨ ਗੀਤਾਂ ਦਾ ਵਿਰਸਾ ਦੁਆਉਣ ਲਈ ਤਤਕਾਲੀ ਸਾਰੇ ਪ੍ਰਮੁੱਖ ਰਬਾਬੀਆਂ ਤੇ ਕੀਰਤਨੀਆਂ ਕੋਲ ਸ਼ਗਿਰਦੀ ਕਾਰਵਾਈ। ਵੈਸੇ ਇਨ੍ਹਾਂ ਦੂਹਾਂ ਦੇ ਪਹਿਲੇ ਉਸਤਾਦ ਸੰਗੀਤ ਅਚਾਰੀਆ ਹਰਨਾਮ ਸਿੰਘ ਚਵਿੰਡੇ ਵਾਲੇ ਸਨ। ਭੈਣੀ ਸਾਹਿਬ ਵਿੱਚ ਸੰਗੀਤ ਵਿਦਿਆਲਾ ਖੋਹਲ ਕੇ ਹੋਣਹਾਰ ਬੱਚਿਆਂ ਨੂੰ ਆਤਮਾਂ ਦੀ ਖੁਰਾਕ ਸ਼ਬਦ ਸੰਗੀਤ ਨਾਲ ਜੋੜਿਆ ਗਿਆ। ਉਸਤਾਦ ਉਦੇ ਖਾਂ ਤੇ ਉਨ੍ਹਾਂ ਦੇ ਪੁੱਤਰ ਰਹੀਮ ਬਖ਼ਸ਼ ਤੋਂ ਅਲਾਵਾ ਭਾਈ ਤਾਬਾ ਤੇ ਭਾਈ ਨਸੀਰ ਬੱਚਿਆਂ ਨੂੰ ਸੁਰ ਸੰਵਾਦ ਕਰਾਂਦੇ ਰਹੇ। ਸਿਖਿਆਰਥੀਆਂ ਦੀ ਹਰ ਤਿੰਨ ਮਹੀਨੇ ਬਾਦ ਪਰੀਖਿਆ ਵਿੱਚ 1. ਸੁਰ 2. ਤਾਲ 3. ਸ਼ਬਦ ਤੇ 4. ਲੈਅ ਦਾ ਅਭਿਆਸ ਪਰਖਿਆ ਜਾਂਦਾ। ਇਸ ਤਰ੍ਹਾਂ ਸੰਗੀਤਕਾਰਾਂ ਨੂੰ ਉਚੇਚਾ ਸੱਦਾ ਦੇ ਕੇ ਸੇਵਾ ਕੀਤੀ ਜਾਂਦੀ ਤੇ ਭੈਣੀ ਸਾਹਿਬ ਇੱਕ ਸੰਗੀਤ ਕੇਂਦਰ ਬਣ ਗਿਆ। ਭਾਈ ਲਾਲ, ਭਾਈ ਸੁੰਦਰ, ਭਾਈ ਸੰਦਲ ਤੇ ਭਾਈ ਮੈਤੂ ਵਰਗੇ ਹਜ਼ੂਰੀ ਰਬਾਬੀਏ ਇੱਥੇ ਆਕੇ ਕੀਰਤਨ ਤ੍ਰਿਸ਼ਾ ਸ਼ਾਂਤ ਕਰਦੇ ਤੇ ਆਰਥਕ ਗੱਫਿਆਂ ਨਾਲ ਝੋਲੀਆਂ ਭਰਦੇ। ਭਾਈ ਤਾਬਾ, ਭਾਈ ਇਕਾਇਤ ਤੇ ਭਾਈ ਦੇਸਾ, ਭਾਈ ਜੁਆਲਾ ਸਿੰਘ ਜੀ ਤੇ ਉਹਨਾਂ ਦੇ ਸਪੁੱਤਰ ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਸਮੁੰਦ ਸਿੰਘ ਤੇ ਹੋਰ ਅਨੇਕਾਂ ਰਾਗੀਆਂ ਪਾਸੋਂ ਪੁਰਾਤਨ ਗੀਤਾਂ ਪੁੱਤਰਾਂ ਤੇ ਸੇਵਕਾਂ ਨੂੰ ਸਿਖਣ ਲਈ ਉਤਸਾਹਿਤ ਕਰਕੇ ਵਿਰਸਾ ਸੰਭਾਲ ਕਰਦੇ ਰਹੇ।

ਸੰਨ 1933 ਨੂੰ ਅੱਸੂ ਦੇ ਮਹੀਨੇ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਵਿੱਚ ਗੁਰਮਤਿ ਸੰਗੀਤ ਸੰਮੇਲਨ ਤੇ ਇਨਾਮੀ ਪ੍ਰਤਿਯੋਗਤਾ ਕਰਾਈ। ਪ੍ਰਤਿਯੋਗਤਾ ਵਿੱਚ ਕਿਸੇ ਵੀ ਰਾਗ ਦੇ ਸ਼ਬਦ ਨੂੰ ਉਸੇ ਨਿਰਧਾਰਤ ਰਾਗ ਵ੍ਹਿੱਚ ਕੇਵਲ ਤੰਤੀ ਸਾਜਾਂ ਨਾਲ ਹੀ ਗਾਇਨ ਦੀ ਸ਼ਰਤ ਰੱਖੀ ਗਈ। ਜਜ ਸਨ 1. ਭਾਈ ਕਾਹਨ ਸਿੰਘ ਨਾਭਾ 2. ਸ: ਮੁਕੰਦ ਸਿੰਘ ਅੰਬਾਲਾ 3. ਸੰਤ ਹੀਰਾ ਸਿੰਘ 4. ਬਾਬਾ ਨਿਹਾਲ ਸਿੰਘ ਜੀ। ਪ੍ਰਥਮ ਜੇਤੂ ਭਾਈ ਹਰਨਾਮ ਸਿੰਘ ਠੱਠਾ ਫਿਰੋਜਪੁਰ ਵਾਲੇ, ਦੂਜਾ ਭਾਈ ਲਾਲ ਤੇ ਰਬਾਬੀ ਸ੍ਰੀ ਅੰਮ੍ਰਿਤਸਰ ਤੇ ਤੀਜਾ ਭਾਈ ਸਮੁੰਦ ਸਿੰਘ ਰਾਗੀ ਨਨਕਾਣਾ ਸਾਹਿਬ ਰਹੇ। ਬਾਕੀ ਸਾਰੇ ਪ੍ਰਤੀਯੋਗੀਆਂ ਨੂੰ ਵੀ ਨਕਦ ਇਨਾਮ ਤੇ ਸਰੋਪੇ ਦਿੱਤੇ ਗਏ। ਮਹਾਰਾਜ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਯੁਵਕਾਂ ਦੇ ਕਈ ਰਾਗੀ ਜੱਥੇ ਤਿਆਰ ਕਰ ਦਿੱਤੇ ਜਿਹੜੇ ਤੰਤੀ ਸਾਜਾਂ ਵਿੱਚ ਨਾਮਵਰ ਕੀਰਤਨੀਏ ਬਣੇ। ਪੁਰਾਣੀਆਂ ਗੀਤਾਂ, ਛੰਦ, ਪੜਤਾਲ, ਵਾਰਾਂ ਦੀਆਂ ਪੁਰਾਣੀਆਂ ਗੀਤਾਂ ਦਾ ਵਿਰਸਾ ਮਹਾਰਾਜ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਰਾਹੀ ਸੰਭਾਲ ਕੇ ਨਾਮਧਾਰੀ ਸੰਗੀਤਕਾਰਾਂ ਵਿਦਿਆਰਥੀਆਂ ਰਾਹੀਂ ਨਾਮਧਾਰੀ ਕੇਂਦਰ ਭੈਣੀ ਸਾਹਿਬ ਵਿੱਚ ਗੁੰਜਾਇਮਾਨ ਕਰਨ ਦੀ ਪਿਰਤ ਪਾਈ। ਦੋਹਾਂ ਭਰਾਵਾਂ ਨੇ ਕਈ ਸੰਗੀਤ ਸੰਮੇਲਨਾਂ ਵਿੱਚ ਵੱਡੇ ਵੱਡੇ ਉਸਤਾਦਾਂ ਤੋਂ ਆਪਣੇ ਹੁਨਰ ਪ੍ਰਤੀ ਨਮਨ ਕਰਾਇਆ ਹੈ। ਬਾਬਾ ਬੀਰ ਸਿੰਘ ਜੀ ਸੁਲਝੇ ਹੋਏ ਪਖਾਵਜੀ ਹਨ। ਸ਼ਾਸ਼ਤਰੀ ਸੰਗੀਤ ਵਿੱਚ ਭਾਈ ਦਰਸ਼ਨ ਸਿੰਘ ਖਜਾਨ ਸਿੰਘ ਦਾ ਨਾਮਧਾਰੀ ਜਥਾ ਆਪਣੀ ਵੱਖਰੀ ਹੀ ਪਹਿਚਾਨ ਬਣਾ ਚੁੱਕਿਆ ਸੀ। ਮਹਾਰਾਜ ਪ੍ਰਤਾਪ ਸਿੰਘ ਜੀ ਨੇ ਸ਼ਾਸ਼ਤਰੀ ਸੰਗੀਤ ਨੂੰ ਗੁਰਮਤਿ ਸੰਗੀਤ ਮਰਯਾਦਾ ਵਿੱਚ ਪੂਰੀ ਤਰ੍ਹਾਂ ਸੰਭਾਲ ਲਿਆ। ਅਜਿਹੀ ਸੰਭਾਲ ਸਿੱਖ ਧਰਮ ਦੇ ਮੁੱਖ ਕੇਂਦਰ ਵਿੱਚ ਵੀ ਨਜ਼ਰ ਨਹੀਂ ਆਉਂਦੀ ਜਿੱਥੇ ਤੰਤੂ ਸਾਜ਼ਾਂ ਦਾ ਨਾਮ ਹੀ ਮਿਟ ਗਿਆ ਹੈ ਅਤੇ ਕਈ ਪੇਟੀ ਮਾਸਟਰ ਖੁੱਲੀਆਂ ਟਿਊਨਾਂ ਵਿੱਚ ਵੀ ਕੀਰਤਨ ਕਰਕੇ ਹਜ਼ੂਰੀ ਰਾਗੀ ਬਣੇ ਹੋਏ ਹਨ।

ਹ) ਪਿਤਾ ਪੁਰਖੀ ਸੰਗੀਤ ਪਰੰਪਰਾ ਨੂੰ ਮਹਾਰਾਜ ਜਗਜ਼ੀਤ ਸਿੰਘ ਜੀ ਨੇ 1959 ਵਿੱਚ ਲੋਹ ਲੰਗਰ ਦੀ ਸੇਵਾ ਸੰਭਾਲ ਕੇ, ਸਭ ਤੋਂ ਉੱਚੇ ਸਿਖਰਾਂ ਤੇ ਪੁਚਾ ਦਿੱਤਾ ਹੈ। ਅਜ ਨਾਮਧਾਰੀ ਸੰਗੀਤ ਸ਼ਾਗਿਰਦਾਂ ਨੇ ਹੇਠਲੇ ਸਾਰੇ ਖਾਨ ਸਾਹਿਬ ਉਸਤਾਦਾਂ ਤੇ ਗੁਰੂਆਂ ਦੇ ਥਾਪੜੇ ਲੈਣ ਲਈ ਪਹਿਲ ਕੀਤੀ ਹੈ-

1. ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ।

2. ਸੰਤੂਰ ਸਮਰਾਟ ਪੰਡਿਤ ਸ਼ਿਵ ਕੁਮਾਰ।
3. ਸਰੋਦ ਸਮਰਾਟ ਅਮਜਦ ਅਲੀ ਖਾਂ।
4. ਪ੍ਰਸਿੱਧ ਸਿਤਾਰ ਉਸਤਾਦ ਇਮਰਤ ਖਾਂ।
5. ਪ੍ਰਸਿੱਧ ਤਬਲਾ ਵਾਦਕ ਪੰ. ਕਿਸ਼ਨ ਮਹਾਰਾਜ।
6. ਸਾਰੰਗੀ ਵਾਦਕ ਪੰ. ਰਾਮ ਨਰੈਣ ਜੀ।
7. ਮਿਸਰ ਬੰਧੂ ਰਾਜਨ-ਸਾਜਨ
8. ਪੰ. ਰਾਮ ਜੀ ਮਿਸ਼ਰਾ ਸਪੁੱਤਰ ਪੰ. ਅਣੋਖੇ ਲਾਲ ਬਨਾਰਸ।
9. ਤਬਲਾ ਵਾਦਕ ਪ੍ਰਸਿੱਧ ਪੰ. ਨਾਮਦਾ ਪ੍ਰਸਾਦ।
10. ਪ੍ਰਸਿੱਧ ਬੰਸਰੀ ਵਾਦਕ ਸ੍ਰੀ ਹਰੀ ਪ੍ਰਸਾਦ ਚੋਰਸੀਆ।
11. ਪੰ. ਬਿਰਜੂ ਮਹਾਰਾਜ।
12. ਪੰ. ਦੁਰਗਾ ਲਾਲ ਕੱਥਕ।

ਇਸ ਤਰ੍ਹਾਂ ਸ਼ਾਸ਼ਤਰੀ ਸੰਗੀਤ ਦੇ ਨਾਲ ਸ਼ਾਸ਼ਤਰੀ ਨਿਰਤ ਦੀ ਪਰੰਪਰਾ ਨੂੰ ਵੀ ਨਾਮਧਾਰੀ ਸਮਾਜ ਵਿੱਚ ਪ੍ਰਵੇਸ਼ ਮਿਲਿਆ ਹੈ। ਹੱਲੇ ਦੇ ਦੀਵਾਨ ਦੇ ਵਿਸਮਾਦ ਨਾਲ ਮਸਤਾਨੇ ਹੋਕੇ ਨੰਗੇ ਸਿਰ ਬੇਖੁਦ ਨਚ ਕੇ ਬਦਨਾਮ ਹੋਏ ਨਾਮਧਾਰੀ ਹੁਣ ਘੁੰਗਰੂ ਬੰਨ ਕੇ ਸ਼ਾਸ਼ਤਰੀ ਸੁਰ ਤਾਲ ਦੇ ਨਿਰਤ ਨਾਇਕ ਵੀ ਬਣ ਰਹੇ ਹਨ। ਸੰਨ 1955-56 ਵਿੱਚ ਭਾਈ ਗੁਰਚਰਨ ਸਿੰਘ ਅਵਤਾਰ ਸਿੰਘ (ਸਪੁੱਤਰ ਭਾਈ ਜਵਾਲਾ ਸਿੰਘ ਜੀ) ਨੂੰ ਪੁਰਾਤਨ ਸ਼ਬਦ ਰੀਤ ਤੇ ਕੀਰਤਨ ਸ਼ੈਲੀ ਦੀ ਸੰਭਾਲ ਲਈ ਪ੍ਰੇਰਨਾ ਦਿੱਤੀ ਗਈ ਸੀ। ਮਜਬੂਰੀਆਂ ਹੇਠ ਕਈ ਸਾਲ ਬਾਦ ਉਨ੍ਹਾਂ ਨੇ ਇਹ ਕਾਰਜ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਡਾ. ਤਾਰਨ ਸਿੰਘ ਦੀ ਸਰਪ੍ਰਸਤੀ ਹੇਠ ਨੇਪਰੇ ਚਾੜ੍ਹਿਆ। ਉਹਨਾਂ ਪੰਜ ਸੌ ਸ਼ਬਦ ਰੀਤ ਗਾਇਨ ਕਰਕੇ ਤੇ ਲਿਖ ਕੇ ਦਿੱਤੇ ਜੋ ਦੋ ਰਾਗਾਂ ਵਿੱਚ ਛਾਪੇ ਗਏ।

ਸੰਨ 2001 ਵਿੱਚ ਡਾ. ਗੁਰਨਾਮ ਸਿੰਘ ਪਟਿਆਲੇ ਵਾਲੇ "ਨਾਮਧਾਰੀ ਸੰਗੀਤ ਨੂੰ ਆਰਕਾਈਵਜ਼ ਵਿੱਚ ਸੰਭਾਲਣਾ, ਸੁਰ ਲਿਪੀ ਬੱਧ ਕਰਕੇ ਇਹਨਾਂ ਬੰਦਸ਼ਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਨਾ" ਦੀ ਸਲਾਹ ਦੇ ਰਹੇ ਹਨ ਤਾਂਕਿ ਇਹ ਅਨਮੋਲ ਸਰਮਾਇਆ ਆਉਣ ਵਾਲੀ ਪੀੜੀਆਂ ਲਈ ਸੁਰਖਿਤ ਹੋ ਜਾਵੇ। ਨਾਮਧਾਰੀ ਦਰਬਾਰ ਵਲੋਂ ਦੇ ਮੁਖੀ ਮਹਾਰਾਜ ਜਗਜੀਤ ਸਿੰਘ ਜੀ ਦੇ ਪ੍ਰਤੀ ਡਾਕਟਰ ਗੁਰਨਾਮ ਸਿੰਘ ਉਨ੍ਹਾਂ ਦੇ ਸੰਗੀਤ ਪ੍ਰੇਮ ਨੂੰ ਇੰਝ ਬਿਆਨ ਕਰਦੇ ਹਨ- "ਸੰਗੀਤ ਕੇਂਦਰ ਤੇ ਸੰਸਥਾਵਾਂ ਦੀ ਸਥਾਪਤੀ, ਪ੍ਰਤਿਭਾਵਾਨ ਸਿੱਖਿਆਰਥੀਆਂ ਨੂੰ ਉਸਤਾਦ ਸੰਗੀਤਕਾਰਾਂ ਦੀ ਸ਼ਾਗਿਰਦੀ ਕਰਾਉਣਾ, ਸੰਗੀਤ ਸਮੇਲਨਾ ਦੀ ਲੜੀ ਤੋਰਨਾ, ਤੰਤੀ ਸਾਜਾਂ ਦੀ ਪੁਨਰ ਸੁਰਜੀਤ ਵਰਗੇ ਕੁਝ ਦਿਖ ਰੂਪ ਵਿੱਚ ਕੀਤੇ ਜਾ ਰਹੇ ਕਾਰਜਾਂ ਪਿੱਛੇ ਪ੍ਰੇਰਣਾ ਸਰੋਤ ਤੇ ਸਰਪ੍ਰਸਤ ਸੰਗੀਤ ਪ੍ਰਤਿਪਾਲਕ ਮਹਾਰਾਜ ਜਗਜੀਤ ਸਿੰਘ ਜੀ ਹਨ ਜਿਨ੍ਹਾਂ ਦੀ ਸੰਗੀਤ ਪ੍ਰਤਿਭਾ ਦਾ ਥਾਹ ਪਾ ਸਕਣਾ ਸਧਾਰਣ ਸੰਗੀਤ ਵਿਗਿਆਨੀ ਦੇ ਵਸੋਂ ਪਰੇ ਦੀ ਬਾਤ ਹੈ।... ਕਿਉਂਕਿ ਆਪ ਜੀ ਖੁਦ ਉੱਚ ਕੋਟੀ ਦੇ ਸੰਗੀਤ ਆਚਾਰੀਆ ਹਨ।"

ਨਾਮਧਾਰੀ ਸੰਪ੍ਰਦਾ ਦੇ ਕੇਂਦਰ ਭੈਣੀ ਸਾਹਿਬ ਨੂੰ ਮਹਾਰਾਜ ਜਗਜੀਤ ਸਿੰਘ ਨੇ ਰਿਸ਼ੀ ਆਸ਼ਰਮ ਦੀ ਛੱਪਰ ਨੁਹਾਰ ਗੁਰੂ ਕੁਲ ਤੋਂ ਕੱਢ ਕੇ ਆਧੁਨਿਕ ਅਕਾਦਮੀ ਬਣਾ ਕੇ ਰਲਵੀਂ ਉਸਾਰੀ ਕਰਾਈ ਹੈ। ਮਹਾਰਾਜ ਪ੍ਰਤਾਪ ਸਿੰਘ ਸਿਮ੍ਰਤੀ ਹਾਲ 100" x 200" ਦੇ ਆਕਾਰ ਵਿੱਚ ਬਿਨਾਂ ਥੰਮਿਆਂ ਤੋਂ ਉਸਾਰਿਆ ਗਿਆ ਨਿਰਮਾਣ ਕਲਾ ਦਾ ਖਾਸ ਨਮੂਨਾ ਹੈ। ਇੱਥੇ ਕੋਈ ਵੀ ਆਯੋਜਨ ਪੂਰੀ ਸੁਵਿਧਾਵਾਂ ਨਾਲ ਹੋ ਜਾਂਦਾ ਹੈ। ਇੱਥੇ ਭਾਰਤ ਦੇ ਪ੍ਰਸਿੱਧ ਸੰਗੀਤਕਾਰਾਂ ਨੂੰ ਸੁਣਿਆ ਵੀ ਜਾਂਦਾ ਹੈ ਅਤੇ ਨਾਮਧਾਰੀ ਗਾਇਨ ਸੁਣਾਇਆ ਵੀ ਜਾਂਦਾ ਹੈ। ਡਾ. (ਮਿਸੇਜ਼) ਸ਼ਰਨ ਅਰੋੜਾ ਅਨੁਸਾਰ ਇਨ੍ਹਾਂ ਨੂੰ ਲੈਅ ਤੇ ਇੰਨਾ ਅਧਿਕਾਰ ਹੈ ਕਿ ਹਿੰਦੁਸਤਾਨ ਦੇ ਵੱਡੇ ਵੱਡੇ ਕਲਾਕਾਰ ਦੀ ਮਹਾਰਾਜ ਪਾਸੋਂ ਲੈਕਾਰੀ ਸਿਖਣ ਵਿੱਚ ਗਰਵ ਮਹਿਸੂਸ ਕਰਦੇ ਹਨ। ਸ਼ਾਸ਼ਤਰੀ ਸੰਗੀਤ ਦੇ ਰਾਗਾਂ ਅਨੁਸਾਰ ਧੁਨਾਂ ਦੀ ਰਚਨਾ ਕਰਦਿਆਂ ਆਪ ਅੱਧੀਆਂ ਪੌਣੀਆਂ ਸਵਾਈਆਂ ਮਾਤਰਾਵਾਂ ਗਿਣਤੀ ਅਨੁਸਾਰ ਤਾਲਾਂ ਦੀ ਰਚਨਾ ਕਰਦੇ ਹਨ। ਉਸਤਾਦ ਅਮਜਦ ਅਲੀ ਦੀ ਰਾਏ ਹੈ- "ਪੌਣੇ ਚੌਦਾਂ ਮਾਤਰਾ ਭਾਰਤ ਦੇ ਮਹਾਰਾਜ ਦੀ ਦੇਣ ਹੈ। ਮੈਂ ਭੀ ਇਨ੍ਹਾਂ ਤੋਂ ਸਮਝ ਕੇ ਪੌਣੇ ਪੰਦਰਾਂ ਮਾਤਰਾਂ ਵਜਾਣ ਦਾ ਯਤਨ ਕੀਤਾ ਹੈ। ਮਹਾਰਾਜ ਨੇ ਅਜਿਹੀ ਅੰਸ਼ਾਤਮਕ ਮਾਤਰਾਵਾਂ ਨਾਪਣ ਲਈ ਇੱਕ ਮੌਲਿਕ ਯੰਤਰ ਵੀ ਈਜਾਦ

ਕੀਤਾ ਹੈ, ਜਿਸ ਦੀ ਵਿਗਿਆਨ ਸ਼ੁਧੀ ਨਾਲ ਵੱਡੇ-ਵੱਡੇ ਉਸਤਾਦ ਨਿਓ ਜਾਂਦੇ ਹਨ। ਉਨ੍ਹਾਂ ਦੇ ਬਣਾਏ ਨਵੇਂ ਤਾਲ ਹਰੀ ਤਾਲ ਤੇ ਪਰਤਾਪ ਤਾਲ ਹਨ ਅਤੇ ਇੱਕ ਨਵੇਂ ਸਾਜ ਨੂੰ ਪਰਤਾਪ ਤਰੰਗ ਨਾਮ ਦਿੱਤਾ ਗਿਆ ਹੈ।

ਨਾਮਧਾਰੀ ਦਰਬਾਰ ਵਿੱਚ ਗੁਰੂ ਸ਼ਿਸ਼ ਪਰੰਪਰਾ ਦਾ ਪੂਰਨ ਸਤਿਕਾਰ ਭਰਿਆ ਪਾਲਨ ਕੀਤਾ ਤੇ ਕਰਾਇਆ ਜਾਂਦਾ ਹੈ। ਮਹਾਰਾਜ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਦਿੱਲੀ, ਬੰਬਈ, ਔਰੰਗਾਬਾਦ, ਲਖਨਊ, ਬਨਾਰਸ ਆਦਿ ਨਗਰਾਂ ਵਿੱਚ ਕੀਤੇ ਸੰਗੀਤ ਸੰਮੇਲਨਾਂ ਵਿੱਚ ਭਾਰਤ ਦੇ ਉੱਚ ਕੋਟੀ ਦੇ ਉਸਤਾਦ ਬੁਲਾਏ ਜਾਂਦੇ ਹਨ ਪਰ ਸਰੋਤਿਆਂ ਲਈ ਕੋਈ ਟਿਕਟ ਨਹੀਂ ਰੱਖੀ ਜਾਂਦੀ। ਇਹ ਵੀ ਗੁਰੂ ਸ਼ਿਸ਼ ਪਰੰਪਰਾ ਦੀ ਸਨਾਤਨ ਰੀਤ ਪਾਲਨਾ ਕਹੀ ਜਾ ਸਕਦੀ ਹੈ। ਗਵਾਲੀਯਰ ਦੀ ਉਸਤਾਦ ਹਾਫਿਜ਼ ਖਾਂ ਸੁਸਾਇਟੀ ਵਲੋਂ ਉਸਤਾਦ ਅਮਜਦ ਅਲੀ ਖਾਂ ਨੇ ਮਹਾਰਾਜ ਜਗਜੀਤ ਸਿੰਘ ਜੀ ਨੂੰ "ਸੰਗੀਤ ਮਨੀਸ਼ੀ" ਦੇ ਤੌਰ ਤੇ ਸਨਮਾਨਿਤ ਕੀਤਾ। ਅਸੀਂ ਨਾਮਧਾਰੀ ਰਾਗੀਆਂ ਅਤੇ ਸਿਖਿਆਰਥੀ ਸ਼ਗਿਰਦਾਂ ਦੇ ਵੇਰਵੇ ਦੇਣ ਦੀ ਬਜਾਏ ਪੰਥ ਪ੍ਰਬੰਧਕਾਂ ਦੀ ਸੰਗਤਿ ਕੀਰਤਨ ਸੇਵਾ ਨੂੰ ਹੀ ਸੰਖੇਪ ਵਿੱਚ ਬਿਆਨਿਆ ਹੈ। ਭੈਣੀ ਸਾਹਿਬ ਦੇ ਇੱਕ ਮੇਲੇ ਦੀ ਆਸਾ ਦੀ ਵਾਰ ਵਿੱਚ, ਪੰਜ ਤਬਲੇ, ਤਿੰਨ ਦਿਲਰੁਬਾ, ਦੋ ਸਿਤਾਰਾਂ, ਇੱਕ ਹਾਰਮੋਨੀਯਮ ਵਜ ਰਹੇ ਸਨ" ਅਜਿਹਾ ਸਵਰਗੀ ਤੇ ਸਵੇਤਾਂਬਰੀ ਦ੍ਰਿਸ਼ ਆਨੰਦ ਸਾਹਿਬ ਵਿੱਚ ਚਿਤਰਿਤ ਹੈ- *"ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆਂ"* ਨਾਲ ਜਾ ਰਲਦਾ ਹੈ।

ਸਫ਼ੈਦ ਰਾਜਹੰਸੀ ਬਾਣੇ ਵਿੱਚ ਸਜੀਆਂ ਤੇ ਮਸਤ ਮੂਰਤ ਹੋਈਆਂ ਸੰਗਤਾਂ ਦਾ ਨਜ਼ਾਰਾ, ਅੰਮ੍ਰਿਤ ਵੇਲੇ ਦਾ ਸ਼ਾਂਤ ਧੁੰਧਲਕਾ, ਸਾਜ਼ਾਂ ਵਿੱਚੋਂ ਉਠਦੀਆਂ ਮਧੁਰ ਧੁਨੀਆਂ ਅਤੇ ਗਾਇਕਾਂ ਦੀ ਕਲੋਲ ਤਾਨਾਂ ਧਰਤੀ ਤੇ ਬੈਕੁੰਠ ਨੂੰ ਦ੍ਰਿਸ਼ਮਾਨ ਕਰ ਦਿੰਦੀਆਂ ਹਨ ਕਿਉਂਕਿ ਸੁਰ ਲਹਿਰੀਆਂ ਕੇਵਲ ਧੁਰ ਕੀ ਬਾਣੀ ਨੂੰ ਸੰਗੀਤ ਕੀਰਤਨ ਵਿੱਚ ਉਭਾਰ ਰਹੀਆਂ ਹੁੰਦੀਆਂ ਹਨ- *"ਤਹਾਂ ਬੈਕੁੰਠ ਜਹਾਂ ਕੀਰਤਨ ਤੇਰਾ"*, ਮੂਰਤ ਰੂਪ ਤੇ ਪ੍ਰਤੱਖ ਹੁੰਦਾ ਹੀ ਹੈ। ਨਾਮਧਾਰੀ ਸਮਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਰਚਨਾ ਅਤੇ ਗੁਰੂ ਗਿਆਨ ਸਾਗਰ ਰੂਪ ਵਿੱਚ ਹੀ ਗੁਰੂ ਸਤਿਕਾਰਦਾ ਹੈ। ਗੁਰੂ ਮਾਨਿਓ ਗ੍ਰੰਥ ਦੀ ਵਿਚਾਰਧਾਰਾ ਨਾਲ ਸਹਿਮਤੀ ਨਹੀਂ ਹੁੰਦੀ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਵੇ ਤਾਂ ਸੰਗਤ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨੂੰ ਮੱਥਾ ਟੇਕ ਕੇ ਕੀਰਤਨ ਨੂੰ ਨਮਸਕਾਰ ਕਰਕੇ ਹੀ ਹੋਰ ਆਸਥਾ ਭਾਵ ਪ੍ਰਗਟ ਕਰਦੀ ਹੈ। ਪ੍ਰਸਿੱਧ ਰਾਗੀ ਗੁਰਚਰਨ ਸਿੰਘ ਕੰਵਲ ਅਨੁਸਾਰ ਸਨ 1946 ਵਿੱਚ ਲਖਨਊ ਦੇ ਇੱਕ ਧਾਰਮਿਕ ਦੀਵਾਨ ਲਈ ਉਹ ਛੋਟੇ ਵੀਰ ਅਵਤਾਰ ਸਿੰਘ ਨਾਲ ਗਏ ਸਨ ਜਿੱਥੇ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਸੰਗਤ ਸਮੇਤ ਆਸਾ ਦੀ ਵਾਰ ਦਾ ਪੂਰਾ ਕੀਰਤਨ ਸੁਣਿਆ। ਅਗਲੇ ਦਿਨ ਫੇਰ 5 ਵਜੇ ਆਸਾ ਦੀ ਵਾਰ ਸ਼ੁਰੂ ਹੋਣੀ ਸੀ ਪਰ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਨਿੱਜੀ ਸੰਗਤ ਵਿੱਚ ਦੋ ਤੋਂ ਸਾਡੇ ਚਾਰ ਆਸਾ ਦੀ ਵਾਰ ਦੇ ਕੀਰਤਨ ਲਈ ਇਸਰਾਰ ਕੀਤਾ। ਕੰਵਲ ਜੀ ਨੇ ਇੱਕ ਬੇਨਤੀ ਆਪਣੀ ਸ਼ਰਤ ਅਜੇ ਕਹੀ ਵੀ ਨਹੀਂ ਸੀ ਕਿ ਮਹਾਰਾਜ ਨੇ ਝਟਪਟ ਕਿਹਾ- ਹਾਂ ਹਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ। ਉਸ ਸਮੇਂ ਤੇ ਪ੍ਰਸਿੱਧ ਨਾਮਧਾਰੀ ਪ੍ਰਚਾਰਕ ਆਲਿਮ ਜੀ ਕਹਿਣ ਹੀ ਲਗੇ ਸੀ- ਸਿੰਘੋਂ ਸਾਡੀ ਵੀ ਬੇਨਤੀ ਹੈ...। ਮਹਾਰਾਜ ਪ੍ਰਤਾਪ ਸਿੰਘ ਜੀ ਨੇ ਉਸੇ ਵੇਲੇ ਟੋਕ ਕੇ ਕਿਹਾ, ਕਿ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰ ਹਨ ਇਹ ਦੋਵੇਂ ਸਣਕੇਸ਼ੀ ਇਸ਼ਨਾਨ ਕਰਦੇ ਹਨ। ਕੰਵਲ ਜੀ ਨੇ ਮਹਾਰਾਜ ਦੀ ਕੀਰਤਨ ਵਿੱਚ ਪੂਰੀ ਹਾਜ਼ਰੀ ਦਾ ਆਨੰਦ ਲੈਣ ਅਤੇ ਉਨ੍ਹਾਂ ਦੀ ਮੇਹਰ ਦੀ ਨਦਰ ਨਾਲ ਨਿੱਜੀ ਤੌਰ ਤੇ ਨਿਹਾਲ ਹੋਣ ਦੀ ਹਕੀਕਤ ਵੀ ਸਵੀਕਾਰੀ ਹੈ। ਗੁਰੂ ਗ੍ਰੰਥ ਸਾਹਿਬ ਅਤੇ ਕੀਰਤਨ ਦੇ ਸਤਿਕਾਰ ਤੇ ਮਰਯਾਦਾ ਦੀ ਸ਼੍ਰੇਸ਼ਟਤਾ ਉਨ੍ਹਾਂ ਨੂੰ ਪੁਰਾਤਨ ਪਰੰਪਰਾ ਦੀ ਸਾਖੀਆਂ ਚੇਤਾ ਕਰਾ ਰਹੀ ਸੀ।


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096



ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

# ਨਿਰਮੋਲਕ ਹੀਰਾ – ਪ੍ਰਿੰਸੀਪਲ ਰਾਜਿੰਦਰ ਸਿੰਘ ਜੀ (ਲਖਨਊ)

**ਦਿਆਲ ਸਿੰਘ**

ਗੁਰਮਤਿ ਵਿਦਿਆਲਾ, ਗੁ: ਸ੍ਰੀ ਰਕਾਬ ਗੰਜ, ਨਵੀਂ ਦਿੱਲੀ

ਸਰਦਾਰ ਬਹਾਦਰ ਸ: ਧਰਮ ਸਿੰਘ ਜੀ ਇੱਕ ਪੂਰਨ ਗੁਰਸਿੱਖ, ਮਹਾਂਦਾਨੀ ਉੱਚ ਜੀਵਨ ਵਾਲੇ ਗੁਰਸਿੱਖ ਹੋਏ ਹਨ। ਆਪ ਜੀ ਨੇ ਸੰਨ 1924 ਵਿੱਚ 'ਗੁਰੂ ਨਾਨਕ ਵਿੱਦਿਆ ਭੰਡਾਰ ਟ੍ਰਸਟ' ਨਾਮ ਦੀ ਸੰਸਥਾ ਕਾਇਮ ਕਰ ਜਿੱਥੇ ਪੰਜਾਬ ਦੇ ਜਿਲ੍ਹਾ ਸਿਆਲਕੋਟ, ਗੁਜਰਾਂਵਾਲਾ, ਲਾਹੌਰ, ਅੰਮ੍ਰਿਤਸਰ, ਜਲੰਧਰ, ਹੁਸ਼ਿਆਰਪੁਰ, ਅੰਬਾਲਾ ਆਦਿ ਦੇ ਪਿੰਡਾਂ ਵਿੱਚ ਗੁਰਦੁਆਰਿਆਂ ਦੇ ਨਾਲ ਮੁੱਢਲੀ ਵਿਦਿਆ ਦੇ ਤਕਰੀਬਨ ਪੰਜਾਹ ਸਕੂਲ ਸ਼ੁਰੂ ਕੀਤੇ, ਉੱਥੇ ਪੰਜਾਬ ਤੋਂ ਬਾਹਰ ਦਿੱਲੀ, ਆਗਰਾ, ਮਥੁਰਾ, ਬੁਲੰਦ ਸ਼ਹਿਰ, ਅਲੀਗੜ੍ਹ, ਹਾਥਰਸ, ਸਹਾਰਨਪੁਰ, ਮੇਰਠ, ਮੁਰਾਦਾਬਾਦ, ਬਿਜਨੌਰ, ਬਰੇਲੀ ਆਦਿ ਸ਼ਹਿਰਾਂ ਅਤੇ ਪਿੰਡਾਂ ਵਿੱਚ ਪ੍ਰਚਾਰਕ ਭੇਜੇ ਅਤੇ ਗੁਰਦੁਆਰੇ ਬਣਵਾਏ।

ਯੂ. ਪੀ. ਪ੍ਰਾਂਤ ਵਿੱਚ ਸਿੱਖੀ ਪ੍ਰਚਾਰ ਨੂੰ ਪੱਕਿਆਂ ਕਰਨ ਲਈ ਆਪ ਨੇ ਫਰਵਰੀ ਸੰਨ 1930 ਵਿੱਚ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ 'ਗੁਰਮਤਿ ਵਿਦਿਆਲਾ' ਨਾਮ ਦਾ ਇੱਕ ਆਸ਼ਰਮ ਜਾਰੀ ਕੀਤਾ ਅਤੇ ਗਿਆਨੀ ਹਰਦਿੱਤ ਸਿੰਘ ਜੀ ਇਸ ਦੇ ਇੰਚਾਰਜ ਬਣੇ। ਇੰਜ ਯੂ. ਪੀ. ਦੇ ਸਹਿਜਧਾਰੀ ਸਿੱਖ ਬੱਚਿਆਂ ਨੂੰ ਅੰਮ੍ਰਿਤ ਛਕਾ ਕੇ ਵਾਜਾ ਜੋੜੀ (ਕੀਰਤਨ) ਅਤੇ ਗੁਰਮਤਿ ਦੀ ਸਿਖਿਆ ਦੇਣੀ ਆਰੰਭ ਕੀਤੀ ਗਈ।

ਜਿਲ੍ਹਾ ਮੁਰਾਦਾਬਾਦ ਦੇ ਪਿੰਡਾਂ ਤੋਂ ਜਿਹੜੇ 7-8 ਬੱਚੇ ਗਿਆਨੀ ਹਰਦਿੱਤ ਸਿੰਘ ਜੀ 1930 ਵਿੱਚ ਕੀਰਤਨ ਸਿਖਾਉਣ ਲਈ ਲਿਆਏ ਸਨ, ਉਨ੍ਹਾਂ ਵਿੱਚ ਭਾਈ ਰਾਜਿੰਦਰ ਸਿੰਘ ਜੀ ਭੀ ਇੱਕ ਹੋਣਹਾਰ ਵਿਦਿਆਰਥੀ ਸਨ।

ਆਪ ਜੀ ਦਾ ਜਨਮ ਪਿੰਡ ਖੰਡਸਾਲ ਕਲਾਂ (ਸਿੰਘਾਂ ਦੀ ਖੰਡਸਾਲ) ਜਿਲ੍ਹਾ ਮੁਰਾਦਾਬਾਦ ਦੇ ਨਿਵਾਸੀ ਚੌਧਰੀ ਪ੍ਰੇਮ ਸਿੰਘ ਜੀ (ਢਿੱਲੋਂ ਜੱਟ) ਦੇ ਗ੍ਰਿਹ ਵਿਖੇ ਸੰਨ 1920 ਵਿੱਚ ਹੋਇਆ। ਆਪ ਜੀ ਦੀ ਆਯੂ ਭਾਵੇਂ ਅਜੇ ਛੋਟੀ ਸੀ, ਪਰ ਕੀਰਤਨ ਸਿੱਖਣ ਦੀ ਲਗਨ ਵੇਖ ਕੇ ਗਿਆਨੀ ਜੀ ਆਪ ਨੂੰ ਕੀਰਤਨ ਸਿਖਾਉਣ ਲਈ ਪਿੰਡੋਂ ਲੈ ਆਏ। ਆਪ ਪਹਿਲਾਂ ਸਹਿਜਧਾਰੀ ਸਨ, ਅੰਮ੍ਰਿਤ ਛਕਾਇਆ ਅਤੇ ਨੱਥਾ ਸਿੰਘ ਤੋਂ ਰਾਜਿੰਦਰ ਸਿੰਘ ਨਾਮ ਰੱਖਿਆ। ਲਗਭਗ ਛੇ ਸਾਲ ਤਕ ਆਪ ਜੀ ਨੇ ਮਿਹਨਤ ਤੇ ਲਗਨ ਨਾਲ ਕੀਰਤਨ, ਅਖੰਠ ਪਾਠ, ਗੁਰ ਇਤਿਹਾਸ ਅਤੇ ਗੁਰਮਤਿ ਦੀ ਸਿਖਿਆ ਪ੍ਰਾਪਤ ਕੀਤੀ।

ਸੰਨ 1936 ਵਿੱਚ ਗੁ: ਜਟਾ ਗੋਸ਼ੰਕਰ ਪੋਖਰਾ ਕਮੇਟੀ ਜਿਲ੍ਹਾ ਗੋਰਖਪੁਰ ਨੇ ਗੁਰਮਤਿ ਵਿਦਿਆਲਾ ਤੋਂ ਇੱਕ ਰਾਗੀ ਜੱਥੇ ਦੀ ਮੰਗ ਕੀਤੀ ਉਨ੍ਹਾਂ ਦੀ ਮੰਗ ਅਨੁਸਾਰ ਭਾਈ ਰਾਜਿੰਦਰ ਸਿੰਘ ਜੀ ਦੇ ਰਾਗੀ ਜੱਥੇ ਨੂੰ ਭੇਜਿਆ ਗਿਆ। ਇੱਕ ਸਾਲ ਤਕ ਆਪ ਨੇ ਉਸ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਸ ਤੋਂ ਬਾਅਦ 1938 ਤੋਂ 43 ਤਕ ਗੁਰੂ ਨਾਨਕ ਵਿੱਦਿਆ ਭੰਡਾਰ ਟ੍ਰਸਟ ਵਲੋਂ ਯੂ. ਪੀ. ਵਿੱਚ ਕੀਰਤਨ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ।

ਸੰਨ 1946 ਵਿੱਚ ਆਪ ਗੁ: ਸ੍ਰੀ ਗੁਰੂ ਸਿੰਘ ਸਭਾ, ਨਾਕਾ ਹਿੰਡੋਲ ਲਖਨਊ ਵਿਖੇ ਹੈਡ ਗ੍ਰੰਥੀ ਤੇ ਕੀਰਤਨ ਦੀ ਸੇਵਾ ਤੇ ਲਗ ਗਏ। ਆਪ ਜੀ ਨੇ ਸੰਗੀਤ ਦੀ ਉੱਚ ਸਿਖਸ਼ਾ ਪ੍ਰਾਪਤ ਕਰਨ ਲਈ 'ਮੈਰਿਸ ਮਿਊਜ਼ਿਕ ਕਾਲਜ' ਵਿਖੇ ਦਾਖਲਾ ਲੈ ਲਿਆ। ਆਪ ਕਈ ਸਾਲ ਆਲ ਇੰਡੀਆ ਰੇਡੀਓ ਲਖਨਊ ਤੋਂ ਗੁਰਬਾਣੀ ਦੇ ਸ਼ਬਦਾਂ ਦਾ ਪ੍ਰਸਾਰਣ ਕਰਦੇ ਰਹੇ। 1950 ਵਿੱਚ ਸੰਗੀਤ ਵਿਸ਼ਾਰਦ ਅਤੇ 1953 ਵਿੱਚ ਨਿਪੁੰਨ ਪ੍ਰੀਵੀਅਸ ਦੀ ਪ੍ਰੀਖਿਆ ਪਾਸ ਕੀਤੀ।

ਸਤੰਬਰ 1954 ਵਿੱਚ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ 'ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ' ਚਾਲੂ ਕੀਤਾ, ਉਸ ਦਾ ਆਪ ਜੀ ਨੂੰ ਪ੍ਰਿੰਸੀਪਲ ਨੀਅਤ ਕੀਤਾ ਗਿਆ। ਆਪ ਜੀ ਬੜੀ ਮਿਹਨਤ ਤੇ ਲਗਨ ਨਾਲ ਬੱਚਿਆਂ ਨੂੰ ਤਾਨਪੁਰੇ ਨਾਲ ਕੀਰਤਨ ਸਿਖਾਉਂਦੇ ਰਹੇ। ਸੰਨ 1962 ਵਿੱਚ 'ਸਿਖੋਂ ਮੇਂ ਪ੍ਰਚਲਿਤ ਸੰਗੀਤ ਔਰ ਪੰਜਾਬ ਕੇ ਲੋਕ ਗੀਤ' ਸੋਧ ਗ੍ਰੰਥ ਲਿਖਣ ਤੇ ਆਪ ਨੇ 'ਭਾਤ ਖੰਡੇ ਸੰਗੀਤ ਵਿਦਿਆਪੀਠ' ਲਖਨਊ ਤੋਂ ਸੰਗੀਤ ਨਿਪੁੰਨ, ਦੀ ਡਿਗਰੀ ਹਾਸਲ ਕੀਤੀ।

ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ ਜੋ ਪਹਿਲਾਂ ਗੁ: ਬਿਬੇਕਸਰ ਵਿਖੇ ਚਾਲੂ ਕੀਤਾ ਗਿਆ ਸੀ, ਉਸ ਨੂੰ ਕੁਝ

ਅਰਸੇ ਬਾਅਦ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਖੇ ਤਬਦੀਲ ਕਰ ਦਿੱਤਾ। ਉਸ ਸਮੇਂ ਸ਼੍ਰੋਮਣੀ ਕਮੇਟੀ ਨੇ ਸੰਗੀਤ ਵਿਦਿਆਲਾ ਦਾ ਕੋਰਸ ਤਿੰਨ ਸਾਲ ਦਾ ਨੀਅਤ ਕੀਤਾ ਸੀ, ਪਰ ਪ੍ਰਿੰਸੀਪਲ ਰਾਜਿੰਦਰ ਸਿੰਘ ਜੀ ਇਸ ਨੂੰ ਵਧਾਅ ਕੇ ਪੰਜ ਸਾਲ ਕਰਾਉਣਾ ਚਾਹੁੰਦੇ ਸਨ। ਇਸ ਸੰਬੰਧੀ ਆਪ ਜੀ ਨੇ ਕਈ ਵਾਰ ਕਮੇਟੀ ਨੂੰ ਲਿਖਤੀ ਤੌਰ ਤੇ ਅਤੇ ਆਪ ਮਿਲਕੇ ਭੀ ਬੇਨਤੀ ਕੀਤੀ ਕਿ ਵਿਦਿਆਰਥੀਆਂ ਨੂੰ ਚੰਗੇ ਕੀਰਤਨੀਏ ਬਨਾਉਣ ਲਈ ਘੱਟੋ-ਘੱਟ ਪੰਜ ਸਾਲ ਦਾ ਕੋਰਸ ਨੀਅਤ ਕਰੋ। ਪਰ ਸ਼੍ਰੋਮਣੀ ਕਮੇਟੀ ਨੇ ਇਸ ਵਲ ਕੋਈ ਧਿਆਨ ਨਾ ਦਿੱਤਾ। ਇੰਜ ਆਪ ਜੀ ਨਿਰਾਸ ਹੋ 1962 ਵਿੱਚ ਇਸ ਸੇਵਾ ਤੋਂ ਤਿਆਗ ਪੱਤਰ ਦੇ ਕੇ 'ਸ਼ਿਖਸ਼ਣ ਮਹਾਂਵਿਦਿਆਲਾ' ਕੁਰੁਕਸ਼ੇਤਰ ਵਿਖੇ ਸੰਗੀਤ ਦੇ ਪ੍ਰੋਫੈਸਰ ਲਗ ਗਏ। ਇੱਥੇ ਆਪ ਸੰਨ 71 ਤਕ ਕੰਮ ਕਰਦੇ ਰਹੇ, ਉਸ ਤੋਂ ਬਾਅਦ ਆਪ 'ਗਵਰਨਮੈਂਟ ਕਾਲਜ ਫਾਰਵੂਮੈਨ' ਰੋਹਤਕ ਆ ਗਏ, ਅਤੇ ਇੱਥੇ ਐਮ. ਏ. ਦੀਆਂ ਸੰਗੀਤ ਕਲਾਸਾਂ ਨੂੰ ਸਿੱਖਿਆ ਦੇਣੀ ਆਰੰਭ ਕਰ ਦਿੱਤੀ।

ਆਪ ਜੀ ਕਈ ਸਾਲ ਤਕ ਆਲ ਇੰਡੀਆ ਰੇਡੀਓ ਜਲੰਧਰ ਅਤੇ ਰੋਹਤਕ ਆਉਣ ਨਾਲ ਵਿਸ਼ਵ ਵਿਦਿਆਲਾ ਦਿੱਲੀ ਤੋਂ ਸ਼ਾਸਤਰੀ-ਸੰਗੀਤ ਦਾ ਪ੍ਰਸਾਰਣ ਕਰਦੇ ਰਹੇ ਹਨ। ਇੰਜ ਆਪ ਰੋਹਤਕ ਤੋਂ ਗੁੜਗਾਵਾਂ ਤੇ ਫਿਰ ਰੋਹਤਕ ਅਤੇ ਅਖੀਰ ਜਦੋਂ ਆਪ 1986 ਵਿੱਚ ਰਿਟਾਰਡ ਹੋਏ ਤਾਂ ਉਸ ਸਮੇਂ ਕਰਨਾਲ ਵਿਖੇ ਵਿਦਿਆਰਥੀਆਂ ਨੂੰ ਸ਼ਾਸ਼ਤਰੀਆ ਸੰਗੀਤ ਦੀ ਸਿਖਿਆ ਦੇ ਰਹੇ ਸਨ।

ਦੁਨੀਆਵੀ ਤੌਰ ਤੇ ਆਪ ਜੀ ਕਾਫ਼ੀ ਖੁਸ਼ਹਾਲ ਸਨ। ਭਾਵ, ਪਿੰਡ, ਖੰਡਸਾਲ ਕਲਾਂ ਤੇ ਪਿੰਡ ਬੁਖਾਰਪੁਰ ਵਿਖੇ ਜ਼ਮੀਨ-ਜਾਇਦਾਦ ਵੀ ਸੀ ਅਤੇ ਸਪੁੱਤਰ ਸ: ਦੇਵਿੰਦਰ ਸਿੰਘ ਤੇ ਸਾਮਿੰਦਰ ਸਿੰਘ ਸਰਕਾਰੀ ਮਹਿਕਮੇਂ ਵਿੱਚ ਚੰਗੇ ਓਹਦੇ ਤੇ ਲਗੇ ਹਨ, ਪਰ ਆਪ ਇਨ੍ਹਾਂ ਸੰਸਾਰਿਕ ਝਮੇਲਿਆਂ ਤੋਂ ਹਟ ਕੇ ਇਕਾਂਤ ਰਹਿਣਾ ਹੀ ਪਸੰਦ ਕਰਦੇ ਸਨ। ਸੋ ਆਪ ਰਿਟਾਇਰਡ ਹੋਣ ਤੋਂ ਬਾਅਦ ਲਖਨਊ ਵਿਖੇ ਇੱਕ ਸੁੰਦਰ ਫਲੈਟ ਲੈ ਕੇ ਰਹਿਣ ਲਗ ਪਏ।

ਆਪ ਜੀ ਆਨਰੇਰੀ ਤੌਰ ਤੇ 'ਭਾਤ ਖੰਡੇ ਸੰਗੀਤ ਵਿਦਿਆਪੀਠ' ਵਿਖੇ ਵਿਦਿਆਰਥੀਆਂ ਨੂੰ ਸ਼ਾਸਤਰੀਆ ਸੰਗੀਤ ਦੀ ਸਿੱਖਿਆ ਦੇਣ ਲਗ ਪਏ। ਸ਼ਾਸਤਰੀਆ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਜੋ ਸੇਵਾ ਆਪ ਜੀ ਨੇ ਕੀਤੀ, ਉਸ ਨੂੰ ਮੁਖ ਰੱਖਦਿਆਂ 'ਭਾਤ ਖੰਡੇ ਸੰਗੀਤ ਵਿਦਿਆਪੀਠ' ਦੀ ਮੈਂਬਰ ਕਮੇਟੀ ਨੇ ਪ੍ਰਸੰਨ ਹੋ ਆਪ ਨੂੰ ਪੀ. ਐਚ. ਡੀ. ਦੀ ਉਪਾਧੀ ਪਰਦਾਨ ਕੀਤੀ। ਇਸ ਤੋਂ ਇਲਾਵਾ ਕਈ ਸਾਲ ਆਪ ਆਲ ਇੰਡੀਆ ਰੇਡੀਓ ਲਖਨਊ ਦੇ ਬਤੌਰੇ ਮਿਊਜ਼ਿਕ ਡਾਇਰੇਕਟਰ ਵੀ ਕੰਮ ਕਰਦੇ ਰਹੇ।

ਆਪ ਜੀ ਦੀ ਆਯੂ ਭਾਵੇਂ ਅੱਸੀ ਨੂੰ ਲੰਘ ਚੁੱਕੀ ਸੀ, ਪਰ ਨਿਤਨੇਮ ਵਾਂਗ ਸਵੇਰੇ ਦਾ ਸੁਰ ਅਭਿਆਸ ਜਾਰੀ ਰਿਹਾ। ਇਸ ਤੋਂ ਇਲਾਵਾ ਕਿਸੇ ਨੂੰ ਸ਼ਾਸਤਰੀ ਸੰਗੀਤ ਕਿਸੇ ਨੂੰ ਗੁਰਮਤਿ ਸੰਗੀਤ ਅਤੇ ਕਿਸੇ ਨੂੰ ਗੁਰਬਾਣੀ ਦਾ ਸ਼ੁੱਧ ਪਾਠ ਕਰਨ ਦੀ ਸਿੱਖਿਆ ਵੀ ਦਿੰਦੇ ਰਹੇ। ਆਖੀਰ 15-3-99 ਦੀ ਸਵੇਰ ਸਰੀਰ ਨੂੰ ਅਧਰੰਗ (ਫਾਲਿਸ) ਹੋ ਗਿਆ। ਡਾਕਟਰ ਪਾਸ ਲੈ ਗਏ ਬੱਚਿਆਂ ਨੂੰ ਖ਼ਬਰ ਦਿੱਤੀ ਗਈ, ਆਪ ਜੀ ਦੇ ਵੱਡੇ ਸਪੁੱਤਰ ਸ: ਦੇਵਿੰਦਰ ਸਿੰਘ ਲਖਨਊ ਤੋਂ ਮੇਰਠ ਲੈ ਆਏ। ਇਲਾਜ ਹੁੰਦਾ ਰਿਹਾ, ਸਹਿਜੇ-ਸਹਿਜੇ ਟੁਰਨ ਫਿਰਨ ਲਗ ਪਏ, ਕੁਝ ਅਰਸੇ ਬਾਅਦ ਪਿੰਡ ਜਾਣ ਦੀ ਇੱਛਾ ਪ੍ਰਗਟ ਕੀਤੀ ਤਾਂ ਛੋਟੇ ਸਪੁੱਤਰ ਸ: ਬਿਰੇਂਦਰ ਸਿੰਘ ਜੀ 'ਖੰਡਸਾਲ' ਲੈ ਗਏ। ਇੱਥੇ ਆਪ ਜੀ ਆਪਣੇ ਹਮਜੋਲੀਆਂ ਨਾਲ ਮਿਲ ਕੇ ਬਹੁਤ ਖੁਸ਼ ਤੇ ਅਨੰਦ ਪ੍ਰਸੰਨ ਰਹਿ ਕੇ ਸਮਾਂ ਬਤੀਤ ਕਰ ਰਹੇ ਸਨ। ਪਰ "*ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ*" ਦੇ ਮਹਾਂਵਾਕ ਅਨੁਸਾਰ ਆਪਣੇ ਪਿੰਡ ਖੰਡਸਾਲ ਵਿਖੇ 10-8-2001 ਨੂੰ ਅਕਾਲ ਚਲਾਣਾ ਕਰ ਗਏ। ਸਦੀਵੀ ਵਿਛੋੜੇ ਨਾਲ ਜਿੱਥੇ ਸੰਗੀਤ ਜਗਤ ਨੂੰ ਘਾਟਾ ਪਿਆ ਹੈ, ਉੱਥੇ ਆਪ ਜੀ ਦੇ ਸੱਜਣਾਂ-ਮਿੱਤਰਾਂ, ਸ਼ਾਗਿਰਦਾਂ ਤੇ ਸੰਗੀਤ ਪ੍ਰੇਮੀਆਂ ਨੂੰ ਵੀ ਅਸਹਿ ਦੁਖ ਹੋਇਆ ਹੈ।

**ਅਭੁੱਲ ਯਾਦਾਂ ਤੇ ਸਿੱਖ ਪੰਥ ਨੂੰ ਆਪ ਦੀ ਦੇਣ:**

1. ਗੁ: ਸ੍ਰੀ ਰਕਾਬ ਗੰਜ ਸਾਹਿਬ ਨਵੀਂ ਦਿੱਲੀ ਵਿਖੇ ਜੋ ਗੁਰਮਤਿ ਵਿਦਿਆਲਾ 1930 ਵਿੱਚ ਚਾਲੂ ਕੀਤਾ ਗਿਆ, ਉਸ ਦੇ ਆਪ ਜੀ ਪਹਿਲੇ ਵਿਦਿਆਰਥੀ ਸਨ। ਮੇਰੇ ਵੱਡੇ ਗੁਰਭਾਈ ਹੋਣ ਦੇ ਨਾਤੇ ਮੇਰੇ ਨਾਲ ਬਹੁਤ ਸਨੇਹ ਰੱਖਦੇ ਸਨ, ਜਦੋਂ ਆਪ 'ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ ਦੇ ਪ੍ਰਿੰਸੀਪਲ ਬਣੇ ਤਾਂ ਦਾਸ ਨੂੰ ਆਪ ਜੀ ਨੇ ਬੱਚਿਆਂ ਨੂੰ ਤੰਤੀਸਾਜ਼ ਸਿਖਾਉਣ ਸੰਬੰਧੀ ਚਿੱਠੀ ਲਿਖੀ, ਉਸ ਸਮੇਂ ਦਾਸ ਸ: ਗਿਆਨ ਸਿੰਘ ਜੀ (ਐਬਟਾਬਾਦ)

ਪਾਸ ਦਿੱਲੀ ਪੁਰਾਤਨ ਸ਼ਬਦ ਰੀਤਾਂ ਨੂੰ ਲਿਖਣ ਦੀ ਸੇਵਾ ਕਰ ਰਿਹਾ ਸੀ, ਜਿਸ ਕਾਰਣ ਆਪ ਜੀ ਦੇ ਹੁਕਮ ਦੀ ਪਾਲਨਾ ਨਹੀਂ ਕਰ ਸਕਿਆ। ਉਸ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਕਮੇਟੀ ਨੂੰ ਇੱਕ ਐਸੇ ਸੱਜਣ ਦੀ ਭਾਲ ਸੀ ਜਿਹੜਾ ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਸੋਦਰ ਦੀ (ਕੀਰਤਨ) ਚੌਕੀ ਨਾਲ ਤੰਤੀ ਸਾਜ਼ ਵਜਾਉਣ ਦੀ ਸੇਵਾ ਕਰ ਸਕੇ। ਸੋ ਆਪ ਜੀ ਨੇ ਦਾਸ ਨੂੰ ਸਨੇਹਾ ਭੇਜਿਆ ਕਿ ਤੂੰ ਅੰਮ੍ਰਿਤਸਰ ਆ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਦਿਲਰੁਬਾ ਵਜਾਉਣ ਦੀ ਪਵਿੱਤ੍ਰ ਸੇਵਾ ਕਰ। ਇੰਜ 1959 ਵਿੱਚ ਦਾਸ ਸਵੇਰੇ ਸ਼ਾਮ ਕੀਰਤਨੀ ਜੱਥੇ ਨਾਲ ਦਿਲਰੁਬਾ ਵਜਾਉਣ ਦੀ ਡਿਊਟੀ ਤੇ ਲਗ ਗਿਆ।

2. ਆਪ ਜੀ ਆਪਣੇ ਸ਼ਾਗਿਰਦਾਂ ਨੂੰ ਨਾਲ ਲੈ ਕੇ ਕਦੇ ਕਦੇ ਸ੍ਰੀ ਦਰਬਾਰ ਸਾਹਿਬ ਤੰਤੀ ਸਾਜਾਂ ਨਾਲ ਆਰਤੀ ਚੌਂਕੀ ਕਰਦੇ ਸਨ, ਮੇਰੇ ਜਾਣ ਨਾਲ ਆਪ ਦਾ ਉਤਸ਼ਾਹ ਹੋਰ ਵਧ ਗਿਆ। ਜਦੋਂ ਆਪ ਜੀ ਦੀ ਇੱਛਾ ਕੀਰਤਨ ਕਰਨ ਦੀ ਹੁੰਦੀ ਤਾਂ ਦਾਸ ਆਪ ਜੀ ਨਾਲ ਦਿਲਰੁਬਾ ਵਜਾਉਂਦਾ, ਮਾਸਟਰ ਸਾਧੂ ਸਿੰਘ ਜੀ ਤਬਲਾ ਅਤੇ ਦੋ ਤਾਨਪੂਰੇ ਜਦੋਂ ਨਾਲ ਵਜਦੇ ਤਾਂ ਸੱਚ ਜਾਣੋ ਇੰਜ ਮਹਿਸੂਸ ਹੁੰਦਾ ਜਿਵੇਂ ਬੈਕੁੰਠ ਵਿੱਚ ਬੈਠੇ ਹਾਂ, ਅਤੇ ਗੁਰਬਾਣੀ ਦਾ ਇਲਾਹੀ ਕੀਰਤਨ ਹੋ ਰਿਹਾ ਹੈ।

3. ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਉਤਸਵ ਸਮੇਂ ਜੋ ਸਾਲਾਨਾ ਕੀਰਤਨ ਦਰਬਾਰ ਮੰਜੀ ਸਾਹਿਬ ਵਿਖੇ ਹੁੰਦਾ ਹੈ, ਉਸ ਦੇ ਆਪ ਅਕਸਰ ਸਟੇਜ ਸੈਕਟਰੀ ਹੁੰਦੇ ਸੀ। ਇੱਕ ਵੇਰ ਦੀ ਗਲ ਹੈ ਕਿ ਇੱਕ ਪ੍ਰਸਿੱਧ ਰਾਗੀ ਸਿੰਘ (ਕੀਰਤਨ ਜੱਥਾ) ਸ਼ਬਦ ਦੇ ਵਿਚਕਾਰ 'ਤਰਾਨਾ' ਗਾਉਣ ਲਗ ਪਿਆ, ਆਪ ਜੀ ਨੇ ਉਸ ਨੂੰ ਟੋਕਿਆ ਤੇ ਕਿਹਾ ਕਿ ਭਾਈ ਸਾਹਿਬ, ਸ਼ਬਦ ਪੂਰਾ ਕਰੋ ਤੇ ਬਾਅਦ ਵਿੱਚ 'ਤਰਾਨਾ' ਗਾਓ, ਉਨ੍ਹਾਂ ਦੇ ਕਹਿਣ ਦਾ ਭਾਵ ਸੀ ਕਿ ਕੀਰਤਨੀਏ ਸਿੰਘ ਨੂੰ ਗੁਰਬਾਣੀ ਦਾ ਪੂਰਾ ਸਤਿਕਾਰ ਕਾਇਮ ਰੱਖਣਾ ਚਾਹੀਦਾ ਹੈ। ਇਸੇ ਤਰ੍ਹਾਂ ਇੱਕ ਵਰੇ ਭਾਈ ਦਵਿੰਦਰ ਸਿੰਘ ਜੀ (ਗੁਰਦਾਸਪੁਰ) ਆਪ ਨਾਲ ਸੰਗੀਤਕ ਵਿਚਾਰ-ਵਟਾਂਦਰਾ ਕਰਨ ਸਮੇਂ ਕਹਿਣ ਲੱਗੇ ਕਿ ਜਿਵੇਂ ਹਿੰਦੂ ਤੇ ਮੁਸਲਮਾਨਾਂ ਵਿੱਚ ਉੱਚ ਕੋਟੀ ਦੇ ਗਵੀਏ ਹਨ, ਤਿਵੇਂ ਸਿੱਖਾਂ ਵਿੱਚ ਨਜ਼ਰ ਨਹੀਂ ਆਉਂਦੇ। ਆਪ ਨੇ ਕਿਹਾ ਕਿ ਭਾਈ ਦਵਿੰਦਰ ਸਿੰਘ ਜੀ, ਆਪ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਿੱਖ ਪੰਥ ਵਿੱਚ ਭਗਤੀ ਸੰਗੀਤ ਦੀ ਹੀ ਪ੍ਰਧਾਨਤਾ ਹੈ, ਕੇਵਲ ਸ਼ਾਸਤਰੀ ਗਾਇਨ ਨੂੰ ਗੁਰੂ ਘਰ ਪ੍ਰਵਾਨ ਨਹੀਂ ਕਰਦਾ। ਉਨ੍ਹਾਂ ਦੇ ਕਹਿਣ ਦਾ ਭਾਵ ਸੀ ਕਿ ਇੱਥੇ ਪ੍ਰਧਾਨਤਾ ਬਾਣੀ ਦੀ ਹੈ ਰਾਗ-ਤਾਲ ਤੇ ਸਾਜ਼ ਕੇਵਲ ਸਹਾਇਕ ਹਨ। ਕਿਉਂਕਿ ਆਪ ਜੀ ਨੂੰ ਗੁਰਮਤਿ ਅਤੇ ਗੁਰਬਾਣੀ ਸੰਗੀਤ ਦੀ ਸੂਝ ਸੀ ਤਾਂ ਹੀ ਉਹ ਇਨ੍ਹਾਂ ਗੂਹੜ ਤੇ ਤਕਨੀਕੀ ਗੱਲਾਂ ਨੂੰ ਜਾਣਦੇ ਸਨ।

4. ਆਪ ਜੀ ਜਦੋਂ ਵੀ ਦਾਸ ਨੂੰ ਮਿਲਦੇ ਤਾਂ ਦੋ ਗੱਲਾਂ ਦਾ ਜ਼ਿਕਰ ਜ਼ਰੂਰ ਕਰਦੇ। ਇੱਕ ਭਾਈ ਦਿਆਲ ਸਿੰਘ ਗੁਰੂ ਕੇ ਐਸੇ ਕੀਰਤਨੀਏ ਹੁਣ ਨਜ਼ਰ ਨਹੀਂ ਆਉਂਦੇ, ਜਿਹੜੇ ਰਾਗ-ਤਾਲ ਦੇ ਗਿਆਤਾ ਅਤੇ ਗੁਰਬਾਣੀ ਦਾ ਅਰਥ-ਬੋਧ ਜਾਂ ਸਮਝ-ਸੂਝ ਰੱਖਦੇ ਹੋਣ। ਗੁਰੂ ਸਾਹਿਬਾਨ ਨੇ ਖੁਸ਼ੀ-ਗ਼ਮੀ, ਵੈਰਾਗ, ਵਿਛੋੜਾ, ਮਿਲਾਪ, ਬੇਨਤੀ, ਰੁੱਤਾਂ-ਥਿੱਤਾਂ, ਮਹੀਨੇ। ਭਾਵ ਹਰ ਵਿਸ਼ੇ ਤੇ ਬਾਣੀ ਰਚੀ ਅਤੇ ਉਸ ਦੇ ਰਸ-ਭਾਵ ਨੂੰ ਮੁਖ ਰੱਖਕੇ ਭਿੰਨ-ਭਿੰਨ ਰਾਗਾਂ ਤੇ ਤਾਲਾਂ (ਘਰਾਂ) ਵਿੱਚ ਦਰਜ਼ ਕਰਵਾਇਆ। ਪੁਰਾਤਨ ਸ਼ਬਦ ਰੀਤਾਂ ਇਸ ਗਲ ਦਾ ਸਬੂਤ ਹੈ ਕਿ ਸਾਡੇ ਰਾਗੀ-ਰਬਾਬੀ ਰਾਗ-ਤਾਲ ਦੇ ਜਾਣੂ ਅਤੇ ਗੁਰਬਾਣੀ ਦੇ ਅਰਥ-ਬੋਧ ਦੇ ਲਾਲ ਗੂਹੜ ਭਾਵ ਦੀ ਸਮਝ ਰੱਖਦੇ ਸਨ। ਪਰ ਮੌਜੂਦਾ ਸਮੇਂ ਦੇ ਰਾਗੀ ਸਿੰਘਾਂ ਵਿੱਚ ਇਹ ਗਲ ਨਜ਼ਰ ਨਹੀਂ ਆਉਂਦੀ। ਕਿਉਂਕਿ ਲਗ ਭਗ ਸਾਰੇ ਹੀ ਗੁਰੂ ਕੇ ਕੀਰਤਨੀਏ ਦਾਦਰਾ, ਕਹਿਰਵਾ, ਰੂਪਕ ਤੇ ਤਿੰਨਤਾਲ ਵਿੱਚ ਹਲਕੀਆਂ ਤੇ ਚਲੰਤ ਲਯ ਦੀਆਂ ਤਰਜ਼ਾਂ ਵਿੱਚ ਕੀਰਤਨ ਕਰ ਰਹੇ ਹਨ। ਹੈਰਾਨੀ ਇਸ ਗਲ ਦੀ ਹੈ ਕਿ ਕੋਈ ਵੀ ਸਭਾ ਸੁਸਾਇਟੀ ਤੇ ਪ੍ਰਬੰਧਕ ਕਮੇਟੀ ਦਾ ਇਸ ਵੱਲ ਧਿਆਨ ਨਹੀਂ, ਇਸ ਨਾਲ ਸਿੱਖ ਪੰਥ ਨੂੰ ਬਹੁਤ ਹਾਨੀ ਤੇ ਗੁਰੂ ਘਰ ਦੀ ਮਰਿਯਾਦਾ ਦਾ ਸਹਿਜੇ ਸਹਿਜੇ ਭੋਗ ਪੈਂਦਾ ਨਜ਼ਰ ਆ ਰਿਹਾ ਹੈ। ਦੂਜੀ ਜੇਕਰ ਸ਼੍ਰੋਮਣੀ ਕਮੇਟੀ 'ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ' ਦਾ ਕੋਰਸ ਤਿੰਨ ਸਾਲ ਦੀ ਥਾਂ ਪੰਜ ਸਾਲ ਦਾ ਕਰਦੀ ਤਾਂ ਮੈਨੂੰ ਪੂਰਨ ਉਮੀਦ ਸੀ ਕਿ ਦਸ-ਪੰਦਰਾਂ ਸਾਲਾਂ ਵਿੱਚ ਐਸੇ ਵਿਦਿਆਰਥੀ ਤਿਆਰ ਹੋ ਸਕਦੇ ਸਨ, ਜੋ ਸ੍ਰੀ ਦਰਬਾਰ ਸਾਹਿਬ ਵਿਖੇ ਤੰਤੀ ਸਾਜ਼ਾਂ ਨਾਲ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਵਿੱਚ ਸਮਰਥ ਹੁੰਦੇ। ਮੇਰੀ ਅਥਾਹ ਕੋਸ਼ਿਸ਼ ਕਰਨ ਨਾਲ ਵੀ ਇਹ

ਗਲ ਸਿਰੇ ਨਾ ਚੜ੍ਹੀ। ਉਸ ਤੋਂ ਬਾਅਦ ਸੰਨ 92-93 ਵਿੱਚ ਸੰਤ ਸੁੱਚਾ ਸਿੰਘ ਜੀ ਜਵੱਦੀ ਕਲਾਂ (ਲੁਧਿਆਣਾ) ਨੇ ਇੱਕ ਵਾਰ ਫਿਰ ਯਤਨ ਕੀਤਾ ਅਤੇ ਸਿੱਖ ਸੰਗਤਾਂ ਨੇ ਹਰ ਤਰ੍ਹਾਂ ਉਨ੍ਹਾਂ ਨੂੰ ਆਪਣੇ ਵਲੋਂ ਪੂਰਨ ਸਹਿਯੋਗ ਦਿੱਤਾ। ਪਰ ਉਨ੍ਹਾਂ ਦੇ ਕੀਤੇ-ਕਰਾਏ ਤੇ ਵੀ ਚਲਾਕ ਤੇ ਚਤੁਰ ਲੋਗਾਂ ਨੇ ਪਾਣੀ ਫੇਰ ਦਿੱਤਾ, ਸੰਤ ਮਹਾਰਾਜ ਭੀ ਇਹੋ ਚਾਹੁੰਦੇ ਸਨ ਕਿ ਸਿੱਖ ਪੰਥ ਵਿੱਚ ਉੱਚ ਕੋਟੀ ਦੇ ਰਾਗੀ ਗ੍ਰੰਥੀ ਤੇ ਪ੍ਰਚਾਰਕ ਹੋਣ। ਪਰ ਡਾ. ਤਾਰਨ ਸਿੰਘ ਜੀ (ਗੁਰੂ ਗ੍ਰੰਥ ਵਿਭਾਗ ਪਟਿਆਲਾ) ਦੇ ਕਹੇ ਅਨੁਸਾਰ 'ਭਾਈ ਜਿਨ੍ਹਾਂ ਪ੍ਰਬੰਧਕ ਕਮੇਟੀਆਂ ਦੇ ਹੱਥਾਂ ਵਿੱਚ ਗੁਰੂ ਦੀਆਂ ਗੋਲਕਾਂ ਹਨ, ਉਹਨਾਂ ਨੂੰ ਧਰਮ ਪ੍ਰਚਾਰ ਦੀ ਸੋਝੀ ਨਹੀਂ ਅਤੇ ਜੋ ਧਰਮ ਦੇ ਪ੍ਰਚਾਰ-ਪ੍ਰਸਾਰ ਦੀ ਸੂਝ ਰੱਖਦੇ ਹਨ ਉਹਨਾਂ ਪਾਸ ਮਾਇਆ ਦੀ ਸ਼ਕਤੀ ਨਹੀਂ।' ਇਸ ਲਈ ਸਿੱਖ ਧਰਮ ਦੇ ਪ੍ਰਚਾਰ ਵਿੱਚ ਬੜੀਆਂ ਰੁਕਾਵਟਾਂ ਹਨ, ਜਿਹਨਾਂ ਨੂੰ ਹੱਲ ਕਰਨਾ ਵੀ ਬੜਾ ਕਠਿਨ ਹੈ।

5. ਆਪ ਜੀ ਨੇ ਕੇਵਲ ਅੱਠ ਸਾਲ 'ਸ੍ਰੀ ਗੁਰੂ ਰਾਮਦਾਸ ਸੰਗੀਤ ਵਿਦਿਆਲਾ' ਦੇ ਬੱਚਿਆਂ ਨੂੰ ਸਿੱਖਿਆ ਦਿੱਤੀ ਪਰ ਤਾਂ ਵੀ ਕਈ ਚੰਗੇ ਕੀਰਤਨੀਏ ਤਿਆਰ ਹੋਏ। ਜਿਵੇਂ ਪ੍ਰਿੰਸੀਪਲ ਭਾਈ ਬਲਦੇਵ ਸਿੰਘ ਜੀ, ਪ੍ਰੋ. ਸਤਿਨਾਮ ਸਿੰਘ ਜੀ ਸੇਠੀ, ਪ੍ਰੋ. ਅਵਤਾਰ ਸਿੰਘ ਜੀ 'ਨਾਜ਼' ਜੋ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਅੰਮ੍ਰਿਤਸਰ ਵਿਖੇ ਪੈਂਤੀ ਸਾਲ ਤੋਂ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਕਰ ਰਹੇ ਹਨ। ਇਸੇ ਤਰ੍ਹਾਂ ਰਾਗੀ ਜੱਥਾ ਭਾਈ ਅਜੀਤ ਸਿੰਘ, ਰਾਗੀ ਜੱਥਾ ਭਾਈ ਮਨਮੋਹਨ ਸਿੰਘ, ਰਾਗੀ ਜੱਥਾ ਗੁਲਾਬ ਸਿੰਘ, ਭਾਈ ਹਰਦਿੱਤਾ ਸਿੰਘ ਜੀ, ਭਾਈ ਜਨਕ ਸਿੰਘ (ਕਨੇਡਾ), ਭਾਈ ਤੇਜਪਾਲ ਸਿੰਘ (ਯੂ. ਕੇ.), ਭਾਈ ਸੰਤੋਖ ਸਿੰਘ (ਆਸਟਰੇਲੀਆ) ਇਤਿਆਦਿ ਇਨ੍ਹਾਂ ਤੋਂ ਇਲਾਵਾ ਡਾ. ਜਸਵੰਤ ਸਿੰਘ (ਅਲੀਗੜ੍ਹ) ਜੋ ਇਸ ਸਮੇਂ ਕੁਰੁਕਸ਼ੇਤਰ ਵਿਖੇ ਸੰਗੀਤ ਦੇ ਪ੍ਰੋਫੈਸਰ ਹਨ, ਬੀਬੀ ਕੁਲਵੰਤ ਕੌਰ, ਬੀਬੀ ਸਤਿਨਾਮ ਕੌਰ, ਬੀਬੀ ਸ਼ਰਨ ਅਰੋੜਾ ਆਦਿ ਜੋ ਵੱਖੋ-ਵੱਖ ਸਕੂਲ, ਕਾਲਜਾਂ ਵਿਖੇ ਬਤੌਰ ਸੰਗੀਤ ਅਧਿਆਪਕ ਕੰਮ ਕਰ ਰਹੀਆਂ ਹਨ। ਇਸੇ ਤਰ੍ਹਾਂ ਹੋਰ ਹਨ ਜਿਨ੍ਹਾਂ ਦੇ ਨਾਮਾਂ ਤੋਂ ਦਾਸ ਜਾਣੂ ਨਹੀਂ। ਮੇਰੇ ਲਿਖਣ ਦਾ ਭਾਵ ਹੈ ਕਿ ਸਿੱਖ ਪੰਥ ਨੂੰ ਚੰਗੇ ਕੀਰਤਨੀਏ ਤੇ ਸੰਗੀਤਕਾਰ ਤਿਆਰ ਕਰਨੇ ਉਨ੍ਹਾਂ ਵੱਲੋਂ ਬਹੁਤ ਵੱਡੀ ਦੇਣ ਹੈ। ਸੋ, ਐਸੇ ਵਿਦਵਾਨ ਸੰਗੀਤ ਕਲਾਕਾਰ ਤੇ ਕੀਰਤਨੀ ਸਿੰਘਾਂ ਰਾਹੀਂ ਆਪ ਜੀ ਨੂੰ ਹਮੇਸ਼ਾ ਯਾਦ ਕੀਤਾ ਜਾਏਗਾ।


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# ਤਬਲਾ ਵਾਦਕ ਭਾਈ ਸੰਤਾ ਸਿੰਘ ਜੀ (ਤਰਨ ਤਾਰਨ ਵਾਲੇ)

## ਗੁਰਜੰਤ ਸਿੰਘ ਰਾਹੀ

ਗੁਰਮਤਿ ਸੰਗੀਤ ਵਿਦਿਆਲਾ, ਬੀ-367 ਸ਼ੇਖੂਪੁਰਾ, ਸੁਨਾਮੀ ਗੇਟ, ਸੰਗਰੂਰ

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਹੈਡ ਰਾਗੀ ਅਤੇ ਸ਼੍ਰੋਮਣੀ ਰਾਗੀ ਦੇ ਅਵਾਰਡ ਨਾਲ ਸਨਮਾਨਤ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਦੇ ਸਤਿਕਾਰ ਯੋਗ ਪਿਤਾ ਜੀ ਭਾਈ ਸੰਤਾ ਸਿੰਘ ਜੀ ਤਰਨਤਾਰਨ ਵਾਲਿਆਂ ਦੇ ਜੀਵਨ ਨਾਲ ਸਬੰਧਤ ਦੋ ਘਟਨਾਵਾਂ ਪਾਠਕਾਂ ਨਾਲ ਸਾਂਝੀਆਂ ਕਰਨ ਦੀ ਖੁਸ਼ੀ ਲੈ ਰਿਹਾ ਹਾਂ ਜੋ ਭਾਈ ਬਲਬੀਰ ਸਿੰਘ ਜੀ ਨੇ ਇੱਕ ਮੁਲਾਕਾਤ ਦੌਰਾਨ ਮੇਰੇ ਨਾਲ ਸਾਂਝੀਆਂ ਕੀਤੀਆਂ ਸਨ।

ਭਾਈ ਸੰਤਾ ਸਿੰਘ ਜੀ ਆਪਣੇ ਸਮੇਂ ਦੇ ਤਬਲਾ ਵਾਦਨ ਦੇ ਪਿੜ ਵਿੱਚ ਧਨੰਤਰ ਵਿਦਵਾਨ ਰਹੇ ਹਨ। ਉਹਨਾਂ ਨੇ ਉਸ ਸਮੇਂ ਦੇ ਪ੍ਰਸਿੱਧ ਪੰਜ ਤਬਲਾ ਵਾਦਕਾਂ ਤੋਂ ਸਿਖਿਆ ਪ੍ਰਾਪਤ ਕੀਤੀ ਜਿਨਾਂ ਵਿੱਚ ਸ. ਭਾਈ ਰਤਨ ਸਿੰਘ ਤਰਨਤਾਰਨ, ਮੀਆਂ ਕਾਦਰ ਬਖਸ ਲਾਹੌਰ ਜਿਨਾਂ ਨੂੰ ਕਿ ਪੰਜਾਬ ਘਰਾਣੇ ਦੇ ਇੱਕ ਲਖ (ਸ਼ਾਗਿਰਦਾਂ) ਦਾ ਗੁਰੂ ਹੋਣ ਦਾ ਮਾਣ ਹਾਸਲ ਹੈ। ਭਾਈ ਰੱਖਾ ਜੀ ਜਿਨ੍ਹਾਂ ਨੂੰ ਬਾਅਦ ਵਿੱਚ ਸਾਰਾ ਸੰਗੀਤ ਜਗਤ ਉਸਤਾਦ ਅੱਲਾ ਰੱਖਾ ਦੇ ਨਾਂ ਨਾਲ ਜਾਣਦਾ ਹੈ। ਉਹਨਾਂ ਦਾ ਪਿੰਡ ਰਤਨਗੜ੍ਹ ਜਿਲ੍ਹਾ ਗੁਰਦਾਸਪੁਰ, ਪੰਜਾਬ ਸੀ। ਭਾਈ ਹਰਨਾਮ ਸਿੰਘ ਪਖਾਵਜੀ ਜੰਮੂ ਵਾਲੇ ਜੋ ਕਦਾਊ ਸਿੰਘ ਪਖਾਵਜੀ ਦੇ ਸ਼ਗਿਰਦ ਸਨ। ਇਨ੍ਹਾਂ ਤੋਂ ਇਲਾਵਾ ਉਸਤਾਦ ਹਬੀਬੁਦੀਨ ਖਾਂ ਮੇਰਠ ਵਾਲੇ ਅਤੇ ਉਸਤਾਦ ਅਹਿਮਦ ਜਾਨ ਥਿਰਕਵਾ ਸਾਹਿਬ ਤੋਂ ਵੀ ਕਲਕੱਤਾ ਵਿਖੇ ਰਹਿ ਕੇ ਸਿਖਿਆ ਪ੍ਰਾਪਤ ਕੀਤੀ। ਭਾਈ ਸਾਹਿਬ ਨੂੰ ਜਿੱਥੇ ਪੰਜਾਬ ਘਰਾਣੇ ਦੇ ਪਖਾਵਜ ਅੰਗ ਦੇ ਵਾਦਨ ਵਿੱਚ ਮੁਹਾਰਤ ਸੀ ਉੱਥੇ ਉਹ ਦੂਸਰਿਆਂ ਘਰਾਣਿਆਂ ਦੇ ਵਾਦਨ ਵਿੱਚ ਵੀ ਨਿਪੁੰਨ ਸਨ।

1945 ਈ. ਦੀਆਂ ਹੋਲੀਆਂ ਦਾ ਤਿਉਹਾਰ। ਸ੍ਰੀ ਅੰਮ੍ਰਿਤਸਰ ਵਿਖੇ ਦੁਰਗਿਆਨਾ ਮੰਦਰ ਦੇ ਸਥਾਨ ਦੇ ਸੰਗੀਤ ਸਮੇਲਨ ਹੋਇਆ ਕਰਦੇ ਸਨ। ਇਹ ਪ੍ਰਥਾ ਹੁਣ ਤਕ ਜਾਰੀ ਹੈ। ਬੜੇ ਬੜੇ ਉਸਤਾਦ ਗਾਇਕ ਵਾਦਕ ਇਨਾਂ ਸਮਾਗਮਾਂ ਵਿੱਚ ਆਇਆ ਕਰਦੇ ਸਨ। ਦੁਰਗਿਆਨਾ ਮੰਦਰ ਦਾ ਸਾਰਾ ਪੰਡਾਲ ਸਰੋਤਿਆਂ ਨਾਲ ਭਰਿਆ ਪਿਆ ਸੀ। ਬੰਬਈ ਤੋਂ ਧਰੁਪਦ ਸ਼ੈਲੀ ਦਾ ਇੱਕ ਗਾਇਕ ਆਪਣਾ ਗਾਇਨ ਸ਼ੁਰੂ ਕਰ ਰਿਹਾ ਸੀ। ਸਟੇਜ ਉਪਰ ਉਸਤਾਦ ਨਜ਼ਾਕਤ ਅਲੀ ਤੇ ਸਲਾਮਤ ਅਲੀ ਸ਼ਾਮ ਚੁਰਾਸੀ ਵਾਲੇ, ਕ੍ਰਿਸ਼ਨ ਰਾਓ ਪੰਡਤ ਵੀ ਸੋਭਨੀਕ ਸਨ। ਸਰੋਤਿਆਂ ਵਿੱਚ ਬੜੇ ਬੜੇ ਵਿਦਵਾਨ ਬੈਠੇ ਸਨ ਭਾਈ ਸੰਤਾ ਸਿੰਘ ਆਪਣੇ ਉਸਤਾਦ ਭਾਈ ਰਤਨ ਸਿੰਘ ਨਾਲ ਬੈਠੇ ਸੁਣ ਰਹੇ ਸਨ। ਜਦ ਗਾਇਕ ਨੇ ਧਰੁਪਦ ਸ਼ੁਰੂ ਕੀਤਾ ਤਾਂ ਨਾਲ ਬੈਠੇ ਪਖਾਵਜੀ ਨੂੰ ਸਮ ਹੀ ਨਾਲ ਲਭੇ। ਉਹ ਠੀਕ ਥਾਂ ਤੋਂ ਸ਼ੁਰੂ ਨਾ ਕਰ ਸਕਿਆ ਤਾਂ ਗਾਇਕ ਨੇ ਕਿਹਾ-

"ਹਮ ਨੇ ਤੋ ਸੁਨਾ ਥਾ ਪੰਜਾਬ ਮੇ ਬਹੁਤ ਅਛੇ ਤਬਲਾ ਵਜਾਨੇ ਵਾਲੇ ਹੈਂ ਪਰ ਯਹਾਂ ਤੋਂ ਐਸੇ ਲਗ ਰਹਾ ਹੈ ਕਿ ਮੇਰੇ ਸਾਥ ਕੋਈ ਭੀ ਬਜਾ ਨਹੀ ਪਾਏਗਾ।"

ਭਾਈ ਸੰਤਾ ਸਿੰਘ ਜੋ ਸਰੋਤਿਆਂ ਵਿੱਚ ਬੈਠੇ ਸਨ, ਨੇ ਆਪਣੇ ਉਸਤਾਦ ਦੇ ਗੋਡੀਂ ਹੱਥ ਲਾਏ ਤੇ ਸਟੇਜ ਤੇ ਜਾ ਚੜ੍ਹੇ।

"ਅਰੇ ਸਰਦਾਰ ਜੀ, ਆਪ ਕੋ ਤਬਲਾ ਬਜਾਨਾ ਆਤਾ ਭੀ ਹੈ ਕਿ ਯੂੰ ਹੀ ਚਲੇ ਆਏ।" ਗਾਇਕ ਨੇ ਵਿਅੰਗ ਨਾਲ ਕਿਹਾ।

"ਆਪ ਸ਼ੁਰੂ ਕੀਜੀਏ" ਭਾਈ ਸੰਤਾ ਸਿੰਘ ਨੇ ਤਬਲਾ ਸੁਰ ਕਰਦਿਆਂ ਕਿਹਾ।

ਜਿਉਂ ਹੀ ਸਮ ਮਿਲਿਆ ਭਾਈ ਸਾਹਿਬਾ ਨੇ ਐਸਾ ਬੋਲ ਵਜਾਇਆ ਕਿ ਤਾੜੀਆਂ ਨਾਲ ਪੰਡਾਲ ਗੂੰਜ ਗਿਆ। ਸਾਥ ਦੀਆਂ ਐਸੀਆਂ ਐਸੀਆਂ ਬਿਕਟ ਲੈਅਕਾਰੀਆਂ ਵਜਾਈਆਂ ਕਿ ਗਾਇਕ ਨੂੰ ਤਰੇਲੀਆਂ ਆ ਗਈਆਂ। ਗਾਇਨ ਖਤਮ ਹੁੰਦਿਆਂ ਹੀ ਬਿਜਲੀ ਪਹਿਲਵਾਨ ਜੋ ਸਰੋਤਿਆਂ ਵਿੱਚ ਹੀ ਸੀ, ਨੇ ਪੰਜ ਸੌ ਰੁਪਏ ਇਨਾਮ ਦਿੰਦਿਆਂ ਕਿਹਾ 'ਭਾਈ ਸੰਤਾ ਸਿੰਘ ਜੀ ਤੁਸੀਂ ਪੰਜਾਬੀਆਂ ਦੀ ਰੱਖ ਲਈ ਹੈ।'

ਸੰਨ 1955 ਵਿੱਚ ਭਾਈ ਸਾਹਿਬ ਚੰਡੀਗੜ੍ਹ ਦੇ ਗੁਰਦੁਆਰੇ ਵਿੱਚ ਜਥੇ ਸਮੇਤ ਕੀਰਤਨ ਕਰਨ ਗਏ ਸਨ। ਗੁਰਦੁਆਰਾ ਸਾਹਿਬ ਦੇ ਨੇੜੇ ਹੀ ਇੱਕ ਸੰਗੀਤ ਅਕੈਡਮੀ ਸੀ। ਉਹ ਸੰਗੀਤ ਅਧਿਆਪਕ ਹੰਕਾਰੀ ਕਿਸਮ ਦਾ ਬੰਦਾ ਸੀ ਜੋ ਅਕਸਰ ਕਿਹਾ ਕਰਦਾ ਸੀ ਕਿ ਸਿੱਖਾਂ ਨੂੰ ਕੀ ਆਉਂਦੈ? ਗਾਣਾ ਬਜਾਣਾ, ਸਿੱਖਾਂ ਦੇ ਵਸ ਦਾ ਰੋਗ ਨਹੀਂ। ਭਾਈ ਸਾਹਿਬ ਚਲੇ ਗਏ ਮਿਲਣ। ਇਸਨੇ ਆਦਤ ਅਨੁਸਾਰ ਕਿਹਾ, "ਠੀਕ ਹੈ, ਰਾਮ ਰਾਜੇ ਕਹੀ ਜਾਉ, ਲੰਗਰ ਚ ਰੋਟੀ ਮਿਲੀ ਜਾਂਦੀ ਐ। ਗਾਣਾ ਬਜਾਣਾ ਬਹੁਤ ਦੂਰ ਹੈ। ਜਦ ਭਾਈ ਸਾਹਿਬ ਦਾ ਤਬਲਾ ਸੁਣਿਆ ਤਾਂ ਚਰਨੀ ਡਿਗਦਾ ਫਿਰੇ। ਤੇ ਕਹੇ ਅਜ ਤੋਂ ਬਾਦ ਨਹੀਂ ਮੈਂ ਕਹਿੰਦਾ ਕਿ ਸਿੱਖਾਂ ਨੂੰ ਕੀ ਆਉਂਦੈ। ਮੈਨੂੰ ਤਾਂ ਪਤਾ ਹੀ ਨਹੀਂ ਸੀ ਸਿੱਖਾਂ ਵਿੱਚ ਵੀ ਅਜਿਹੇ ਵਿਦਵਾਨ ਹਨ।"

ਭਾਈ ਸੰਤਾ ਸਿੰਘ ਜੀ ਜਿੱਥੇ ਆਪ ਉੱਚ ਕੋਈ ਦੇ ਵਾਦਕ ਸਨ ਉੱਥੇ ਨਾਲ ਨਾਲ ਬਹੁਤ ਵਧੀਆ ਉਸਤਾਦ ਅਧਿਆਪਕ ਵੀ ਸਨ। ਜਿਨਾਂ ਨੇ ਸਿੱਖ ਸਮਾਜ ਨੂੰ ਉਚਕੋਟੀ ਦੇ ਤਬਲਾ ਵਾਦਕ ਦਿਤੇ। ਉਹਨਾਂ ਦਾ ਜਿਕਰ ਅਜ ਵੀ ਲੋਕਾਂ ਦੀ ਜੁਬਾਨ ਉਪਰ ਹੈ। ਜਿਨ੍ਹਾਂ ਵਿੱਚੋਂ ਮੁਖ ਤੌਰ ਤੇ ਭਾਈ ਬਲਬੀਰ ਸਿੰਘ, ਜੀ ਭਾਈ ਮਹਿੰਦਰ ਸਿੰਘ, ਭਾਈ ਚਤਰ ਸਿੰਘ ਤੇ ਭਾਈ ਅਜੀਤ ਸਿੰਘ ਚਾਰੇ ਸਪੁੱਤਰ ਭਾਈ ਸ਼ੇਰ ਸਿੰਘ ਕੋਕਰੀ ਵਾਲੇ, ਅਮੋਲਕ ਸਿੰਘ ਇੰਗਲੈਂਡ, ਭਾਈ ਸਰਦੂਲ ਸਿੰਘ ਜੀ ਹਜੂਰ ਸਾਹਿਬ ਜਿਨਾਂ ਦੇ ਤਬਲਾ ਵਾਦਨ ਤੋਂ ਦਖਣ ਦੇ ਵਡੇ ਵਡੇ ਉਸਤਾਦ ਪ੍ਰਭਾਵਤ ਸਨ। ਪਰ ਉਹ ਸਚਖੰਡ ਸ੍ਰੀ ਹਜੂਰ ਸਾਹਿਬ ਵਿੱਚ ਹੀ ਦਰਬਾਰੀ ਤਬਲਾ ਵਾਦਕ ਰਹੇ, ਮਹਿਫਲਾਂ ਵਿੱਚ ਨਹੀਂ ਗਏ। ਰੇਡੀਓ ਤੋਂ ਜ਼ਰੂਰ ਵਜਾਉਂਦੇ ਰਹੇ। ਭਾਈ ਗੁਰਦੀਪ ਸਿੰਘ ਤਬਲਾ ਵਾਦਕ ਭਾਈ ਬਖਸ਼ੀਸ਼ ਸਿੰਘ ਪਟਿਆਲੇ ਵਾਲਿਆਂ ਦਾ ਭਰਾ। ਇਸ ਤੋਂ ਬਿਨਾਂ ਮਹੰਤ ਬਚਿੱਤਰ ਸਿੰਘ ਕਸ਼ਮੀਰ ਵਾਲੇ ਪਖਾਵਜ ਅੰਗ ਦੇ ਤਬਲਾ ਵਾਦਕ ਪੈਦਾ ਕੀਤੇ।

ਭਾਈ ਸਾਹਿਬ ਦਾ ਜੀਵਨ ਪੂਰਨ ਗੁਰਸਿੱਖਾਂ ਵਾਲਾ ਸਾਦਾ ਅਤੇ ਸੰਤੋਖੀ ਸੀ। ਅਸੀਂ ਉਨਾਂ ਦੀ ਘਾਲਣਾ ਅਤੇ ਆਪਣੇ ਖੇਤਰ ਵਿੱਚ ਦਿੱਤੀ ਦੇਣ ਅੱਗੇ ਸ਼ਰਧਾ ਨਾਲ ਸਿਰ ਝੁਕਾਉਂਦੇ ਹਾਂ।




*Dear Associate, Donor, Wellwisher*

*Congratulations!*

**MORNI HILLS (DISTT. PANCHKULA) IS CATARACT FREE ZONE**

Thanks to the Almighty, Our Associates, Donors & Well Wishers for the kindness which ensured Morni Hills (Distt. Panchkula). Cataract Free Zone before target date 31.03.2001

**ABOVE COULD BE ACHIEVED DUE TO YOUR GUIDANCE & CONTINUED SUPPORT.**

Thanks
Please Keep it up

K.S. CHUGH  H.B. SINGH CHOPRA  D.S. ARORA  JASBEER K. GHUGH

*Let us be in the service of Humanity*

- Donate Eyes
- Donate Blood
- De-Addiction
- Aids Awareness
- Help Sick
- Help Aged
- Vocational Training
- Promote Education
- Help Handicapped
- Women Upliftment

HELP NEEDY

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

# ਸਗਲ ਸੰਗਿ ਹਮ ਕਉ ਬਨਿਆਈ

**ਰਮੇਸ਼ ਸਿੰਘ**

C-131, Sonari West, Jamshedpur 831 011 (Jharkhand)

ਕੁਝ ਸਮਾਂ ਪਹਿਲਾਂ ਇੱਕ ਨੌਜਵਾਨ ਬੇਟੀ -ਜੋ ਮੁੰਬਈ ਦੇ ਕਿਸੇ ਕਾਲੇਜ ਵਿੱਚ ਲੈਕਚਰਾਰ ਹੈ- ਦਾ ਗੁਰਮਤਿ ਸੁਨੇਹਾ ਆਇਆ। ਉਸਨੇ ਹੋਰ ਗੱਲਾਂ ਦੇ ਇਲਾਵਾ, ਅਖੀਰ ਵਿੱਚ ਤਿੰਨ ਸਵਾਲ ਪੁੱਛੇ ਸਨ:

1. ਕੀ ਇਹ ਜ਼ਰੂਰੀ ਹੈ ਕਿ ਨਾਮ ਵਿੱਚ ਜੁੜਿਆ ਬੰਦਾ (introvert) ਆਪ ਵਿੱਚ ਮਸਤ ਰਹਿਣਾ ਵਾਲਾ ਬਣਾ ਜਾਂਦਾ ਹੈ।

2. "ਭਗਤਾ ਤੇ ਸੈਸਾਰੀਆ ਜੋੜ ਕਦੇ ਨਾ ਆਇਆ" ਇਸਨੂੰ ਚੰਗੀ ਤਰ੍ਹਾਂ ਖੋਲ੍ਹ ਕੇ ਸਮਝਾਉ।

3. ਪ੍ਰਭੂ ਨਾਲ ਪਿਆਰ ਕਰਨ ਵਾਲਾ ਕੀ ਕਦੇ ਵੀ ਦੁਨੀਆਂ ਨਾਲ ਬਣਾ ਕੇ ਨਹੀਂ ਰਹਿ ਸਕਦਾ।

ਮੈਂ ਤਾਂ ਮੂਰਖ, ਭੇਖੀ ਸਿੱਖ ਹਾਂ, ਮੇਰੇ ਵਿੱਚ ਕਿੱਥੇ ਇਤਨੀ ਅਕਲ ਕਿ ਇਨ੍ਹਾਂ ਅਹਿਮ ਸਵਾਲਾਂ ਦਾ ਜੁਆਬ ਦੇ ਸਕਾਂ, ਸੁ ਜੋ ਹਮੇਸ਼ਾ ਕਰਦਾ ਹਾਂ ਉਹੀ ਇਸ ਵਾਰ ਵੀ ਕੀਤਾ। ਪ੍ਰਭੂ ਦੇ ਰੰਗ ਵਿੱਚ ਸਦਾ ਮਸਤ ਰਹਿਣ ਵਾਲੇ ਸਾਡੇ ਇੱਕ ਗੁਰਮੁਖ ਪਿਆਰੇ 'ਪਾਪਾ ਜੀ' ਹਨ, ਉਨ੍ਹਾਂ ਨੂੰ ਜਾ ਪੁੱਛਿਆ, ਉਨ੍ਹਾਂ ਜੋ ਸਮਝਾਇਆ ਉਹ ਹਾਜ਼ਿਰ ਹੈ।

ਪਾਪਾ ਜੀ ਕਹਿਣ ਲੱਗੇ ਵੈਸੇ ਤਾਂ ਤਿੰਨੋਂ ਸਵਾਲ ਇੱਕ-ਦੂਜੇ ਨਾਲ ਜੁੜੇ ਹੋਇ (inter-related) ਹਨ, ਫਿਰ ਵੀ ਕੋਸ਼ਿਸ਼ ਕਰਾਂਗਾ ਅਲਗ-ਅਲਗ ਜੁਆਬ ਦੇਣ ਦੀ।

1. ਨਾਮ ਵਿੱਚ ਜੁੜੇ ਬੰਦੇ ਦਾ ਵਤੀਰਾ ਇਸ ਤੇ ਨਿਰਭਰ (depend) ਕਰਦਾ ਹੈ ਕਿ ਉਸਨੂੰ ਕੈਸੀ ਸੰਗਤ ਮਿਲਦੀ ਹੈ, ਜੈਸੀ ਸੰਗਤ ਵਿੱਚ ਉਸਨੂੰ ਰਹਿਣਾ ਪਵੇ, ਉਸ ਅਨੁਸਾਰ ਉਸਦਾ ਸੁਭਾਅ ਪ੍ਰਗਟ ਹੋਵੇਗਾ। ਕਬੀਰ ਸਾਹਿਬ ਆਖਦੇ ਹਨ:

*ਸੰਤ ਮਿਲੈ ਕਿਛੁ ਸੁਨੀਐ ਕਹੀਐ॥*
*ਮਿਲੈ ਅਸੰਤੁ ਮਸਟਿ ਕਰਿ ਰਹੀਐ॥* (ਪੰਨਾ 870)

ਸੋ ਜੇ ਨਾਮੀ ਬੰਦਾ ਪ੍ਰਭੂ ਪਿਆਰਿਆਂ ਦੀ company (ਸੰਗਤ) ਵਿੱਚ ਹੋਵੇਗਾ ਤਾਂ ਉਹ introvert ਨਹੀਂ ਰਹਿ ਸਕੇਗਾ ਕਿਉਂਕਿ ਉਹ ਤਾਂ ਹਰ ਵੇਲੇ ਲੋਚਦਾ ਹੈ- ਕੋਈ ਕਰਿ ਗਲ ਸੁਣਾਵੈ ਹਰਿਨਾਮ ਕੀ, ਉਹ ਤਾਂ ਹਰ ਵਕਤ ਇਸ ਤਾਂਘ ਵਿੱਚ ਰਹਿੰਦਾ ਹੈ, ਆਇ ਮਿਲ ਗੁਰਸਿਖ, ਮੇਰੇ ਗੁਰੂ ਦੇ ਪਿਆਰਿਆ, ਤੇਰੇ ਨਾਲ ਬੈਠ ਕੇ ਮੈਂ ਹਰਿ ਦੀਆਂ ਕਥਾ ਕਹਾਣੀਆਂ ਕਰਨੀਆਂ ਹਨ, ਤੂੰ ਭਲਕੇ ਉਠ ਕੇ ਮੇਰੇ ਕੋਲ ਆਵੀਂ, ਅਸੀਂ ਇਕੱਤਰ ਹੋ ਕੇ ਨਾਮ ਸੁਣਾਂਗੇ, ਨਾਮ ਵਿਚਾਰਾਂਗੇ, ਨਾਮ ਸੰਗ੍ਰਹਿ ਕਰਾਂਗੇ, ਨਾਮ ਨਾਲ ਮਿਲ ਕੇ ਚਿਤ ਲਾ ਕੇ ਨਾਮ ਦਾ ਵਣਜ ਕਰਾਂਗੇ, ਪ੍ਰਭੂ ਦੇ ਪਿਆਰ ਦਾ ਨਿਘ ਮਾਣਾਂਗੇ ਤੇ ਅਰਦਾਸਾਂ ਕਰ ਕਰ ਕੇ ਪ੍ਰਭੂ ਨੂੰ ਮਨਾਵਾਂਗੇ, ਅਰਸ਼ੀ ਪ੍ਰੀਤਮ ਨੂੰ ਰਿਝਾਵਾਂਗੇ, ਉਹ ਤਾਂ ਹਰ ਵੇਲੇ ਇਹ ਆਸ ਕਰਦਾ ਹੈ ਕਿ ਮੇਰੀ ਗੁਰਸਿਖ ਸਖੀ ਸਹੇਲੀ ਮੈਨੂੰ ਮਿਲੇ, ਅਸੀਂ ਰਲ ਕੇ ਆਪਣੇ ਸਮਰਥ ਕੰਤ ਦੀਆਂ ਬਾਤਾਂ ਕਰੀਏ, ਇੱਕ ਦੂਜੇ ਦੇ ਅਨੁਭਵ (experience) ਸਾਂਝੇ ਕਰੀਏ ਤੇ ਇਹ ਗੀਤ ਗਾਈਏ ਸ਼ੁਕਰਾਨੇ ਵਜੋਂ:

*ਐਸੇ ਗੁਰ ਕਉ ਬਲਿ ਬਲਿ ਜਾਈਐ* (ਪੰਨਾ 130)
*ਭੂਲੇ ਮਾਰਗੁ ਜਿਨਹਿ ਬਤਾਇਆ॥*
*ਐਸਾ ਗੁਰੁ ਵਡਭਾਗੀ ਪਾਇਆ॥* (ਪੰਨਾ 803)

ਅਤੇ ਇਸ ਤਰ੍ਹਾਂ ਜ਼ਿੰਦਗੀ ਦਾ ਲਾਹਾ ਖਟੀਏ। ਸੁ ਐਸਾ ਮਨੁੱਖ ਕਿਵੇਂ ਕਿਸੇ ਪ੍ਰਭੂ ਪ੍ਰੇਮੀ ਦੀ ਸੰਗਤ ਵਿੱਚ introvert ਰਹਿ ਸਕਦਾ ਹੈ-

*ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥*
*ਆਖਾ ਬਿਰਥਾ ਜੀਅ ਕੀ ਗੁਰ ਸਜਣੁ ਦੇਹਿ ਮਿਲਾਇ ਜੀਉ॥* (ਪੰਨਾ 763)

ਦੂਜੇ ਪਾਸੇ ਜੋ ਮਜਬੂਰਨ ਉਸਨੂੰ ਐਸੀ ਸੰਗਤ ਮਿਲਦੀ ਹੈ ਜਿੱਥੇ ਨਾਮ ਦੀ ਕੋਈ ਗੱਲ ਹੀ ਨਹੀਂ ਤਾਂ ਉਹ ਜ਼ਰੂਰੀ introvert ਹੋ ਜਾਏਗਾ ਮਿਲੇ ਅਸੰਤ ਮਸਟਿ ਕਰਿ ਰਹੀਐ ਦਾ ਉਪਦੇਸ਼ ਯਾਦ ਰੱਖੇਗਾ। ਨਾਮੀ ਨੂੰ ਨਾਮ ਦਾ ਰਸ ਆ ਗਿਆ ਹੈ, ਇਹ ਵੀ ਸੋਝੀ ਆ ਗਈ ਹੈ (ਗੁਰੂ ਕਿਰਪਾ) ਕਿ ਪ੍ਰਭੂ ਦੀਆਂ ਕਥਾ-ਕਹਾਣੀਆਂ ਦੇ ਇਲਾਵਾ, ਜੋ ਵੀ ਚਰਚਾ ਹੋਵੇਗੀ, ਕੂੜ ਹੋਵੇਗੀ ਸੁ ਉਹ ਅਪਣੇ ਅਨਮੋਲ ਸਵਾਸਾਂ ਦੀ ਪੂੰਜੀ ਕਚਰਾ ਗੱਲਾਂ ਤੇ ਕੂੜ ਕੰਮਾਂ ਵਿੱਚ ਨਹੀਂ ਗੁਆਏਗਾ, ਆਪਣੇ ਅੰਦਰ ਚਲਾ ਜਾਏਗਾ (ਭਾਵੇਂ ਸਾਰਿਆਂ ਵਿੱਚ ਬੈਠਾ ਹੋਵੇ) ਤੇ ਅੰਦਰ ਹੀ ਪ੍ਰਭੂ ਦੀ ਯਾਦ ਵਿੱਚ ਜੁੜੇਗਾ ਤੇ ਅਰਦਾਸਾਂ ਕਰੇਗਾ- ਪ੍ਰਭੂ ਇਨ੍ਹਾਂ ਜੰਤਾਂ ਦੇ ਵਸ ਕੁਝ ਨਹੀਂ ਹੈ, ਆਪ ਦੇ ਲਾਏ ਸਭ ਲਗਦੇ ਹਨ, ਸੁ ਜੇ ਮੇਰੇ ਗਰੀਬ ਨੂੰ ਕੋਈ ਸੋਝੀ ਬਖਸ਼ੀ ਹੈ ਤਾਂ ਇਨ੍ਹਾਂ ਤੇ ਵੀ ਕਿਰਪਾ ਕਰੋ, ਸੁਮਤਿ ਬਖਸ਼ੋ, ਨਾਮ ਦੀ ਦਾਤ ਝੋਲੀਆਂ ਵਿੱਚ ਪਾਉ ਤਾਂ ਜੋ ਇਹ ਵਿਚਾਰੇ ਵੀ ਆਪਣੇ ਜੀਵਨ ਦਾ ਮਨੋਰਥ ਜਾਣ ਸਕਣ (ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ) ਯਾਦ ਕਰਨ ਤੇ ਗੁਰੂ ਚਰਨਾਂ ਨਾਲ ਜੁੜ ਜਾਣ) ਨਾਲ ਹੀ, ਗੁਰੂ ਦੀ ਇਹ ਵਾਰਨਿੰਗ ਵੀ ਚੌਕਸ ਰੱਖਦੀ ਹੈ ਕਿ ਭਾਈ ਚੇਤੰਨ ਰਹੀਂ, ਸਾਕਤ ਦੀ ਸੰਗਤ ਵਿੱਚ ਆਪਣਾ ਮਾਲ ਹੀ ਨਾ ਗੁਆ ਲਵੀਂ:

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥* (ਪੰਨਾ 137)

ਸੋ ਸਾਕਤਾਂ ਦੀ ਸੰਗਤ ਵਿੱਚ introvert ਬਨਣਾ ਉਸ ਲਈ ਲੋੜੀਂਦਾ ਹੈ।

2. ਭਗਤਾਂ ਤੇ ਸੰਸਾਰੀ ਲੋਕਾਂ ਦੇ ਰਾਹ ਵੱਖ-ਵੱਖ ਹੁੰਦੇ ਹਨ, ਇੰਜ ਕਹਿ ਲਉ, ਇੱਕ ਪੂਰਬ ਨੂੰ ਜਾਂਦਾ ਹੈ ਜੇ ਤਾਂ ਦੂਜਾ ਪੱਛਮ ਨੂੰ, ਉਹ ਕਿਵੇਂ ਮਿਲ ਸਕਦੇ ਹਨ, ਕਿਵੇਂ ਉਨ੍ਹਾਂ ਦੀ ਦੋਸਤੀ ਹੋ ਸਕਦੀ ਹੈ, ਦੋਸਤੀ ਦਾ ਇੱਕੋ ਵਿਚਾਰ (like minded) ਵਾਲਿਆਂ ਦੀ ਹੀ ਨਿਭਦੀ ਹੈ। ਦੂਜੀ ਗੱਲ, ਉਨ੍ਹਾਂ ਦੀ ਜਿੰਦਗੀ ਦਾ ਮਨੋਰਥ ਵੱਖ-ਵੱਖ ਹੁੰਦਾ ਹੈ। ਭਗਤ (ਅਰਥਾਤ seekar) ਦਾ ਮਨੋਰਥ ਹੈ ਪ੍ਰਭੂ ਪ੍ਰਾਪਤੀ, ਸੰਸਾਰੀ ਦਾ ਮਨੋਰਥ ਹੈ ਮਾਇਆ ਪ੍ਰਾਪਤੀ- ਉਸਨੂੰ ਇਹ ਲੋਚਾ ਹੈ ਕਿ ਮੈਂ 'ਅਤਿ ਸੁੰਦਰ' ਹੋਵਾਂ, ਜੇ ਉੱਚੀ ਕੁਲ ਵਿੱਚ ਨਹੀਂ ਜੰਮਿਆ ਤਾਂ ਕਿਸੇ ਤਰ੍ਹਾਂ ਵਿਆਹ-ਸ਼ਾਦੀ ਰਾਹੀਂ 'ਕੁਲੀਨ' ਦਾ label ਲਗ ਜਾਏ, 'ਚਤੁਰ' ਬਣ ਜਾਵਾਂ ਤਾਂ ਜੋ ਚਲਾਕੀ ਨਾਲ ਮੇਰੇ ਮਾਇਆ ਦੇ ਸਾਰੇ ਕੰਮ ਹੋ ਜਾਣ, ਮੈਨੂੰ ਗੱਲਾਂ ਕਰਨ ਦੀ ਕਲਾ- 'ਮੁਖ ਗਿਆਨੀ' ਆ ਜਾਵੇ ਤਾਂ ਜੋ ਆਪਣੀਆਂ ਗੱਲਾਂ ਨਾਲ ਸਾਰੀ ਦੁਨੀਆਂ ਨੂੰ ਮੋਹ ਲਵਾਂ, ਬਹੁਤ ਪੈਸੇ ਵਾਲਾ 'ਧਨਵੰਤ' ਬਣ ਜਾਵਾਂ ਕਿਉਂਕਿ ਪੈਸੇ ਵਿੱਚ ਬੜੀ ਤਾਕਤ ਹੈ ਤੇ ਪੈਸੇ ਨਾਲ ਮਾਇਆ ਦੇ ਸਾਰੇ ਕੰਮ ਹੋ ਜਾਂਦੇ ਹਨ। ਕਿਵੇਂ ਜੋੜ ਬੈਠੇ, ਐਸੇ ਅਲਗ-ਅਲਗ ਮਨੋਰਥ ਵਾਲਿਆਂ ਦਾ। ਤੀਜੀ ਗੱਲ, ਮਨੋਰਥ ਅਲਗ ਹੋਣ ਨਾਲ, ਦੁਹਾਂ ਦੀ ਜਿੰਦਗੀ ਦੀ priorities (ਪ੍ਰਾਥਮਿਕਤਾ) ਵੀ ਸੁਭਾਵਕ ਹੈ ਅਲਗ-ਅਲਗ ਹੋਣਗੀਆਂ। ਭਗਤ ਦੀ ਪ੍ਰਾਥਮਿਕਤਾ ਹੈ ਪ੍ਰਭੂ, ਸੰਸਾਰੀ ਦੀ ਪ੍ਰਾਥਮਿਕਤਾ ਹੈ ਦੁਨੀਆਂ (worldliness)। ਭਗਤ ਪ੍ਰਭੂ ਤੇ ਗੁਰੂ ਦੀ ਬਰਾਬਰੀ ਤੇ ਕੁਛ ਨਹੀਂ ਗਿਣੇਗਾ। ਉਸ ਦਾ ਭਾਵੇਂ ਸਭਕੁਛ ਵਿਕ ਜਾਏ, ਸਭਕੁਛ ਰੁੜ ਜਾਏ, ਸਭਕੁਛ ਸੜ ਜਾਏ, ਸਭਕੁਛ ਲੁਟ ਜਾਏ, ਉਸਦੀ ਬੇਇਜ਼ਤੀ ਕੀਤੀ ਜਾਏ, ਉਸਨੂੰ ਚਰਖੜੀ ਤੇ ਚੜ੍ਹਨਾ ਪਵੇ, ਦੇਗਾਂ ਵਿੱਚ ਉਬਲਨਾ ਪਵੇ, ਉਸਦੇ ਬੰਦ-ਬੰਦ ਕਟੇ ਜਾਣ, ਉਸਦੇ ਬੱਚਿਆਂ ਦੇ ਟੋਟੇ ਉਸਦੀਆਂ ਅੱਖਾਂ ਸਾਮ੍ਹਣੇ ਕਰ ਦਿੱਤੇ ਜਾਣ, ਪਰ ਉਹ ਆਪਣਾ ਰਾਹ ਨਹੀਂ ਛੱਡੇਗਾ, ਉਹ ਗੁਰੂ ਦੇ ਇੱਕ ਇਸ਼ਾਰੇ ਤੇ ਆਪਣਾ ਸੀਸ ਭੇਟ ਕਰਨ ਨੂੰ ਚਾਅ ਨਾਲ ਤਿਆਰ ਹੋਵੇਗਾ ਕਿਉਂਕਿ ਉਸ ਲਈ ਗੁਰੂ ਦਾ ਹੁਕਮ ਸਭ ਤੋਂ ਉਪਰ ਹੈ ਤੇ ਉਸਨੂੰ ਯਾਦ ਹੈ ਕਿ ਗੁਰੂ ਹੁਕਮਾਂ ਦੀ ਕਮਾਈ ਕਰ ਕੇ ਹੀ ਮੈਂ ਆਪਣੀ ਬਹੁਤ ਜਨਮਾਂ ਤੋਂ ਅਰੰਭ ਕੀਤੀ ਯਾਤਰਾ ਪੂਰੀ ਕਰ ਸਕਾਂਗਾ, ਮੇਰੀ 84 ਲੱਖ ਜੂਨਾਂ ਦੀ ਭਟਕਣਾ ਖਤਮ ਹੋ ਜਾਏਗੀ, ਜਿਸ ਪ੍ਰਭੂ ਤੋਂ ਮੈਂ ਕਈ ਜਨਮਾਂ ਦਾ ਵਿਛੁੜਿਆ ਹੋਇਆ ਹਾਂ, ਉਸਨੂੰ ਮਿਲ ਸਕਾਂਗਾ, ਉਸ ਨਾਲ ਇਕਮਿਕ ਹੋ ਜਾਵਾਂਗਾ। ਸੋ ਕਿਸੇ ਵੀ ਹਾਲਤ ਵਿੱਚ ਸਮਝੌਤਾ (compromise) ਕਰਨ ਲਈ ਤਿਆਰ ਨਹੀਂ ਹੋਵੇਗਾ ਕਿਸੇ ਵੀ ਗੱਲ ਤੇ ਜੋ ਗੁਰੂ ਹੁਕਮਾਂ ਦੇ ਉਲਟ ਹੋਵੇ। ਦੂਜੇ ਪਾਸੇ, ਸੰਸਾਰੀ ਦੀ priority ਮਾਇਆ ਹੈ, ਉਹ ਆਪਣੀ priority ਲਈ ਲੋੜ ਪੈਣ ਤੇ ਪ੍ਰਭੂ ਨੂੰ ਵੀ ਵੇਚ ਦੇਂਦਾ ਹੈ:

*ਹਵਸ ਕੇ ਬੰਦੇ ਵਫਾ ਕੋ ਬੇਚ ਦੇਤੇ ਹੈਂ।*

*ਖੁਦਾ ਕਾ ਘਰ ਤੋ ਕਿਆ ਖੁਦਾ ਕੋ ਬੇਚ ਦੇਤੇ ਹੈਂ।*

ਇਸਦੀ ਪ੍ਰਤੱਖ ਮਿਸਾਲ ਹੈ ਜੋ ਕੁਝ ਇਸ ਦੌਰਾਨ ਸਾਡੀ ਕੌਮ ਅੰਦਰ ਹੋ ਰਿਹਾ ਹੈ ਤੇ ਅਫਸੋਸ ਇਹ ਕਿ ਇਨ੍ਹਾਂ ਸੰਸਾਰੀਆਂ ਨੇ ਧਾਰਮਕ ਲਬਾਦਾ ਪਾਇਆ ਹੋਇਆ ਹੈ, ਆਮ ਗੁਰਸਿੱਖ ਇਸ ਕਾਰਣ ਪੂਰੀ ਤਰ੍ਹਾਂ ਭੌਂਥਲ (confused)

ਗਿਆ ਹੈ। ਚੌਥੀ ਗੱਲ, ਭਗਤ ਤੇ ਸੰਸਾਰ ਦੀਆਂ ਕਦਰਾਂ-ਕੀਮਤਾਂ ਵੀ ਭਿੰਨ-ਭਿੰਨ ਹੋਣਗੀਆਂ ਕਿਉਂਕਿ ਜਿੰਦਗੀ ਦਾ ਮਨੋਰਥ ਜੁ ਵੱਖ-ਵੱਖ ਹੋਇਆ। ਸੰਸਾਰੀ ਕਹੇਗਾ, ਨਿੰਦਾ ਕਰਨੀ ਤਾਂ ਆਮ ਗੱਲ ਹੈ, ਖਾਸ ਕਰ ਜਿਹੜਾ ਭੈੜਾ ਹੈ ਉਸਦੀ ਕਿਉਂ ਨਾ ਨਿੰਦਾ ਕੀਤੀ ਜਾਏ, ਉਸਨੂੰ ਤਾਂ ਜੁੱਤੀਆਂ ਪੈਣੀਆਂ ਚਾਹੀਦੀਆਂ ਹਨ, ਜੇ ਕਿਸੇ ਇੱਕ ਗੱਲ ਕਹੀ ਹੈ ਮੈਂ ਜ਼ਰੂਰ ਚਾਰ ਸੁਣਾਵਾਂਗਾ, ਦੂਜੇ ਦਾ ਭਲੇ ਹੀ ਨੁਕਸਾਨ ਕਿਉਂ ਨਾ ਹੋ ਜਾਏ, ਮੇਰਾ ਤਾਂ ਭਲਾ ਹੋਣਾ ਚਾਹੀਦਾ ਹੈ, ਮੈਂ ਕਿਸੇ ਨੂੰ ਪਿਆਰ ਕਰਾਂ ਜਾਂ ਨਾ, ਮੈਨੂੰ ਜ਼ਰੂਰ ਸਾਰੇ ਪਿਆਰ ਕਰਨ, ਮੈਨੂੰ ਸਭ ਕੁਛ ਚੰਗਾ ਮਿਲੇ ਕਿਉਂਕਿ ਮੈਂ ਚੰਗਾ ਹਾਂ, ਮੇਰੇ ਵਰਗੀ ਅਕਲ ਕਿਸੇ ਦੀ ਨਹੀਂ, ਮੇਰੇ ਵਰਗਾ ਚਲਾਕ ਕੌਣ ਹੈ...? ਦੂਜੇ ਪਾਸੇ, ਭਗਤ ਸਭ ਦਾ ਭਲਾ ਚਾਹੇਗਾ (ਬੁਰੇ ਦਾ ਵੀ), ਲੋਕਾਂ ਭਾਣੇ ਆਪਣੇ ਆਪ ਨੂੰ ਠਗਾ ਵੀ ਲਵੇਗਾ, ਆਪਣੇ ਆਪਨੂੰ ਕੁਝ ਨਹੀਂ ਸਮਝੇਗਾ, ਕਦੇ ਵੀ ਆਪਣਾ ਆਪ ਨਹੀਂ ਜਤਾਏਗਾ, ਜੋ ਕੁਝ ਵੀ ਉਸ ਤੋਂ ਚੰਗਾ ਹੋਵੇਗਾ ਸਾਰੀ ਵਡਿਆਈ ਗੁਰੂ ਨੂੰ transfer ਕਰ ਦੇਵੇਗਾ (ਕਹੁ ਨਾਨਕ ਸਭ ਤੇਰੀ ਵਡਿਆਈ), ਸ਼ਬਦ ਦੀ ਕਮਾਈ ਦੁਆਰਾ ਸਾਰਿਆਂ ਦੀ ਚਰਣ ਧੂੜ ਬਨਣ ਦਾ ਪ੍ਰਯਾਸ ਕਰੇਗਾ। ਉਹ ਆਪਣੇ ਆਪ ਨੂੰ ਕਦੇ ਕੁਝ ਨਹੀਂ ਸਮਝੇਗਾ, ਕਦੇ ਕੁਝ ਬਣਨਾ ਨਹੀਂ ਚਾਹੇਗਾ ਤੇ ਨਾ ਹੀ ਉਸਦੀ ਕੁਝ ਚਾਹਤ ਹੋਵੇਗੀ ਸਿਵਾਇ ਪ੍ਰਭੂ ਦੇ ਨਾਮ ਦੇ। ਸੁ ਵਖਰੇ ਰਾਹ, ਜੀਵਨ ਮਨੋਰਥ ਵਖਰੇ, ਪ੍ਰਾਥਮਿਕਤਾ ਵੱਖਰੀ ਤੇ ਜੀਵਨ ਦੀਆਂ ਕਦਰਾਂ-ਕੀਮਤਾਂ ਵੱਖ-ਵੱਖ, ਉਹ ਕਿਵੇਂ ਇੱਕ ਦੂਜੇ ਨਾਲ ਜੁੜ ਸਕਦੇ ਹਨ। ਭਗਤ ਤੇ ਸੰਸਾਰੀ ਕਦੇ ਵੀ ਇਕੱਠੇ ਨਹੀਂ ਹੋ ਸਕਦੇ, ਇਹ ਅਸੰਭਵ ਹੈ।

4. ਪਾਪਾ ਜੀ ਕਹਿਣ ਲੱਗੇ ਜਿਸਦਾ ਪ੍ਰਭੂ ਨਾਲ ਪਿਆਰ ਹੈ ਉਸਨੂੰ 'ਦੁਨੀਆਂ ਨਾਲ ਬਣਾ ਕੇ ਰੱਖਣੀ ਹੈ' ਇਸਦੀ ਚਿੰਤਾ ਕਦੇ ਨਹੀਂ ਹੁੰਦੀ ਕਿਉਂਕਿ ਉਸਨੂੰ ਹਰ ਵੇਲੇ ਇਹ ਚਿੰਤਾ

*ਚਿੰਤ ਭਵਨਿ ਮਨੁ ਪਰਿਓ ਹਮਾਰਾ॥*
*ਨਾਮ ਬਿਨਾ ਕੈਸੇ ਉਤਰਸਿ ਪਾਰਾ॥* (ਪੰਨਾ 478)

ਹੋਣ ਕਰਕੇ ਉਹ ਸਿਵਾਇ ਪ੍ਰਭੂ (ਗੁਰੂ ਦੇ ਹੋਰ ਕਿਸੇ ਦੀ ਪਰਵਾਹ ਨਹੀਂ ਕਰਦਾ (ਪੂਰੀ ਨਿਮਰਤਾ ਅੰਦਰ ਰਹਿ ਕੇ, ਆਕੜ ਨਾਲ ਨਹੀਂ)

*ਬੇਪਰਵਾਹ ਸਦਾ ਰੰਗਿ ਹਰਿ ਕੈ ਜਾਕੋ ਪਾਖੁ ਸੁਆਮੀ॥* (ਪੰਨਾ 711)
*ਪਰਵਾਹ ਨਾਹੀ ਕਿਸੇ ਕੇਰੀ ਬਾਝੁ ਸਚੇ ਨਾਹ* ਆਸਾ ਦੀ ਵਾਰ (ਸਲੋਕ, ਛੰਤ 20)

ਕਿਉਂਕਿ ਪ੍ਰਭੂ ਦੇ ਰਾਹ ਤੇ ਟੁਰਣ ਵਾਲਾ ਕੋਈ-ਕੋਈ ਹੀ ਹੁੰਦਾ ਹੈ, ਬਹੁ ਗਿਣਤੀ ਸੰਸਾਰੀਆਂ ਦੀ ਹੁੰਦੀ ਹੈ, ਇਸ ਲਈ ਉਹ ਸਮਝਦੇ ਹਨ ਕਿ ਪ੍ਰਭੂ ਦੇ ਰਾਹ ਤੇ ਟੁਰਨ ਵਾਲਾ ਮੂਰਖ ਹੈ, ਬਉਰਾ ਹੈ, ਪਾਗਲ ਹੈ, ਭੂਤਨਾ ਹੈ, ਬੇਤਾਲਾ ਹੈ। ਉਸਨੂੰ ਚਪੇੜਾਂ ਵੀ ਖਾਣੀਆਂ ਪੈਂਦੀਆਂ ਹਨ, ਨਿੰਦਾ ਵੀ ਸੁਨਣੀ ਪੈਂਦੀ ਹੈ, ਅਛੂਤ ਸਮਝਿਆ ਜਾਂਦਾ ਹੈ (ਅਖੌਤੀ ਨੀਵੀਂ ਜਾਤ ਵਿੱਚ ਪੈਦਾ ਹੋਣ ਮਾਤਰ ਨਾਲ) ਮੰਦਰ ਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਜਾਂਦਾ ਹੈ, ਜੇਲ ਵਿੱਚ ਚੱਕੀ ਪੀਸਣੀ ਪੈਂਦੀ ਹੈ, ਤੱਤੀ ਤਵੀ ਤੇ ਬੈਠਣਾ ਪੈਂਦਾ ਹੈ, ਨੁਕਸਾਨ ਵੀ ਉਠਾਣਾ ਪੈਂਦਾ ਹੈ, ਲੋਕ ਗੋਲੀ ਵੀ ਚਲਾ ਦੇਂਦੇ ਹਨ, ਪਰ ਭਗਤ ਇਹ ਸਾਰਾ ਅਪਮਾਨ ਅਪਣੇ ਪ੍ਰਭੂ ਦੇ ਪਿਆਰ ਅੰਦਰ ਬਰਦਾਸ਼ਤ ਕਰਕੇ ਪ੍ਰਭੂ ਦੀ ਖੁਸ਼ੀ ਪ੍ਰਾਪਤ ਕਰਦਾ ਹੈ। ਲੋਕ ਪਚਾਰਾ, ਲੋਕਲਾਜ, ਲੋਕ ਕੀ ਕਹਿਣਗੇ, ਜੋ ਅਕਸਰ ਇੱਕ ਵੱਡੀ ਰੁਕਾਵਟ ਬਣ ਕੇ ਭਗਤ ਦੇ ਸਾਮ੍ਹਣੇ ਆਉਂਦੀ ਹੈ, ਉਹ ਉਸ ਰੁਕਾਵਟ ਨੂੰ ਪਰੇ ਹਟਾ ਕੇ ਵਿਆਹ ਤੇ ਆਏ ਰਿਸ਼ਤੇਦਾਰਾਂ ਦੀ ਝੂਠੀ ਖੁਸ਼ੀ (ਅਰਥਾਤ ਲੋਕ ਲਾਜ) ਲਈ ਉਹ ਆਪਣਾ ਅੰਮ੍ਰਿਤ ਵੇਲਾ ਨਹੀਂ ਖੁੰਝਾ ਸਕਦਾ -ਉਹ ਸਾਰਿਆਂ ਵਿੱਚ ਰਹਿੰਦਾ ਹੋਇਆ, ਸਾਰਿਆਂ ਦੀ ਚਰਣ ਧੂੜ ਬਣ ਕੇ ਵੀ ਆਪਣਾ ਰਾਹ ਨਹੀਂ ਛੱਡਦਾ, ਉਹ ਸੱਚੀ ਪ੍ਰੀਤ ਲਈ ਕੱਚੀ ਪ੍ਰੀਤ ਤੋੜ ਦੇਂਦਾ ਹੈ:

*ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗ ਤੋਰੀ॥* (ਪੰਨਾ 659) ਕਿਉਂਕਿ

ਕਿਉਂਕਿ ਉਸਨੂੰ ਗੁਰੂ ਦਾ ਹੁਕਮ ਯਾਦ ਹੈ:

***ਲੋਗ ਕੁਟੰਬ ਸਭਹੁ ਤੇ ਤੋਰੈ, ਤਉ ਆਪਨ ਬੇਢੀ ਆਵੈ ਹੋ॥*** (ਪੰਨਾ 657)

ਉਹ ਕੱਚੇ ਲੋਕਾਂ ਨਾਲ ਤੋੜਨ ਵਿੱਚ ਦੇਰ ਨਹੀਂ ਲਾਂਦਾ। ਬਸ ਉਸਦੀ ਇਹ commitment, ਉਸਦਾ ਇਹ

ਦ੍ਰਿੜ ਇਰਾਦਾ ਤੇ ਪਿਆਰ. ਪ੍ਰਭੂ ਦਾ ਮਨ ਮੋਹ ਲੈਂਦਾ ਹੈ. ਉਸ ਪ੍ਰਭੂ ਦਾ ਜੋ ਭਾਉ ਭਗਤੀ ਦਾ ਭੁੱਖਾ ਹੈ। ਅੰਤਰਜਾਮੀ ਪ੍ਰਭੂ ਭਗਤ ਦੇ ਦਿਲ ਦੀ ਸਚੀ ਮੁਹਬੱਤ ਜੋ ਉਸਨੇ ਮਹਿੰਗੇ ਮੁਲ- ਆਪਣਾ ਆਪ ਵੇਚ ਕੇ:

*ਮੈ ਤਉ ਮੋਲਿ ਮਹਗੀ ਲਈ ਜੀਅ ਸਠੈ* (ਪੰਨਾ 694)

ਲਈ ਹੁੰਦੀ ਹੈ, ਦੇਖ ਕੇ ਬਸ ਭਗਤ ਦੇ ਚਰਣਾਂ ਤੇ ਸਾਰੀ ਦੁਨੀਆਂ ਦਾ ਰਾਜ ਲੁਟਾ ਦੇਂਦਾ ਹੈ, ਉਸਨੂੰ ਧੱਕੇ ਮਾਰਣ ਵਾਲੇ ਉਸਦਾ ਨਾਮ ਜਪਣ ਲਗ ਪੈਂਦੇ ਹਨ, ਉਸਦੀ ਚਰਣ ਧੂੜ ਲੋਚਦੇ ਹਨ, ਵੈਰੀ ਉਸਦੇ ਮਿਤ੍ਰ ਬਣ ਜਾਂਦੇ ਹਨ, ਸਾਰੀ ਦੁਨੀਆਂ ਉਸਦੀ ਸੇਵਾ ਕਰਨ ਲਗ ਪੈਂਦੀ ਹੈ, ਹਰ ਪਾਸੇ ਉਸਦੀ ਵਡਿਆਈ ਹੋਣ ਲਗ ਪੈਂਦੀ ਹੈ, ਕਿਉਂ? ਕਿਉਂਕਿ ਪ੍ਰਭੂ ਆਪਣੇ ਸੇਵਕ ਨੂੰ ਨਿਕਟੀ ਹੋ ਕੇ ਵਿਖਾਂਦਾ ਹੈ, ਉਸਦੀ ਲਾਜ ਰੱਖਣ ਲਈ ਉਹਦੇ ਹਲ ਵਾਉਂਦਾ ਹੈ, ਉਸਦੀ ਥਾਂ ਰਾਜੇ ਦੀ ਮਾਲਿਸ਼ ਕਰਨ ਚਲਾ ਜਾਂਦਾ ਹੈ, ਉਸਦੀ ਝਲਕ ਵੇਖਦਿਆਂ ਹੀ ਸਿੰਘਾਸਨ ਛੱਡ ਕੇ ਦੌੜਦਾ ਹੈ, ਭਰੀ ਸਭਾ ਵਿੱਚ ਉਸਦੀ ਇੱਜ਼ਤ ਬਚਾਂਦਾ ਹੈ, ਆਪਣੇ ਭਗਤ ਦੀ ਇੱਜ਼ਤ ਲਈ ਮਰੀ ਹੋਈ ਗਊ ਨੂੰ ਜਿਵਾ ਦੇਂਦਾ ਹੈ। ਬਸ ਇੱਕ ਪ੍ਰਭੂ (ਇਕੋ ਦੀ) ਗੁਲਾਮੀ ਉਸਨੂੰ ਸਾਰੀ ਦੁਨੀਆਂ ਦਾ ਰਾਜਾ ਬਣਾ ਦੇਂਦੀ ਹੈ, ਪਾਪਾ ਜੀ ਵਜਦ ਵਿੱਚ ਆ ਕੇ ਕਹਿਣ ਲੱਗੇ, ਸੁਣੋ ਐ ਦੁਨੀਆ ਦੇ ਲੋਕੋ, ਮੇਰੇ ਗੁਰੂ ਦੀ ਤਾਕਤ:

*ਜਬ ਸੇ ਮੁਝਕੋ ਮਿਲ ਗਈ ਹੈ ਤੇਰੀ ਗੁਲਾਮੀ।*
*ਜਗ ਕੀ ਆਜਾਦੀ ਆ ਬਨੀ ਹੈ ਗੁਲਾਮ ਮੇਰੀ।*

ਇਸ ਤਰ੍ਹਾਂ ਪ੍ਰਭੂ ਦਾ ਪਿਆਰ ਪਾ ਕੇ ਭਗਤ ਸਾਰੀ ਦੁਨੀਆਂ ਨੂੰ ਆਪਣੀ ਗਲਵਕੜੀ ਵਿੱਚ ਲੈਂਦਾ ਹੈ ਸਭ ਨਾਲ ਉਸਦੀ ਬਣ ਆਂਦੀ ਹੈ ਤੇ ਉਹ ਕਹਿ ਉਠਦਾ ਹੈ:

*ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥* (ਪੰਨਾ 1299)


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)

CHD 723333 SALAD-BAR 723222
PKL 579888 MOH 264300



SCO 76-79,(First Floor) Sector 17-E, Chandigarh. Tel: 723222, 723111, 704858

# "ਮਨ ਤੂੰ ਮਾਣੁ ਕਰਹਿ ਜਿ ਹਉ ਕਿਛ ਜਾਣਦਾ..."

## ਪ੍ਰੋ. ਨਰਿੰਦਰ ਸਿੰਘ

956, ਫੇਜ਼ 3ਬੀ-2, ਮੋਹਾਲੀ (ਪੰਜਾਬ) ਇੰਡੀਆ 160 059

**ਆਰੰਭਕ ਬੇਨਤੀ**

ਇਸ ਸਮੇਂ ਮੈਂ 73 ਸਾਲ ਦਾ ਹਾਂ। ਮੇਰੇ ਪਿਤਾ ਪ੍ਰੋ. ਕਰਤਾਰ ਸਿੰਘ ਜੀ (ਹੁਸ਼ਿਆਰਪੁਰ ਵਾਲੇ) 15-4-1995 ਨੂੰ 92 ਸਾਲ ਦੀ ਅਤੇ ਮੇਰੇ ਦਾਦਾ ਸ. ਹਜ਼ੂਰਾ ਸਿੰਘ ਜੀ, ਇੰਜੀਨੀਅਰ ਤੇ ਠੇਕੇਦਾਰ 16-12-1949 ਵਿੱਚ 72 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਮੈਂ ਆਪਣੀ ਪੜਦਾਦੀ, ਮਾਤਾ ਜਸ ਕੌਰ ਜੀ ਜਿਨ੍ਹਾਂ ਨੇ ਬਚਪਨ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਵਾਰੀ ਨੂੰ ਆਪਣੇ ਪਿੰਡ ਵਿੱਚੋਂ ਲੰਘਦਿਆਂ ਦੇਖਿਆ ਸੀ, ਦੇ ਪੂਰੀ ਹੋਸ਼ ਵਿੱਚ ਦਰਸ਼ਨ ਕੀਤੇ ਹੋਏ ਹਨ। ਉਨ੍ਹਾਂ ਨੇ ਆਪਣਾ ਸਰੀਰ 9 ਮਈ 1946 ਨੂੰ ਛੱਡਿਆ ਸੀ। ਇਨ੍ਹਾਂ ਸਭ ਗੁਰਮੁਖ ਬਜ਼ੁਰਗਾਂ ਦੇ ਹੱਥਾਂ ਵਿੱਚ ਮੈਂ ਖੇਡਿਆ ਪਲਿਆ ਹਾਂ। ਇਨ੍ਹਾਂ ਅਤੇ ਹੋਰ ਗੁਰਸਿਖਾਂ ਰਾਹੀਂ ਪੰਥਕ ਧਾਰਨਾਵਾਂ, ਮੈਂ ਆਪਣੀ ਇਸ ਉਮਰ ਤਕ ਦੇਖੀਆਂ ਸੁਣੀਆਂ ਹਨ। ਜੋ ਕੁਛ ਮੈਂ ਦੇਖਿਆ, ਸੁਣਿਆਂ ਜਾਂ ਸਮਝਿਆ ਹੈ ਮੈਨੂੰ ਇਹ ਗੌਰਵ ਭਰਪੂਰ ਵਿਰਸਾ ਦਿਸਦਾ ਹੈ। ਇਹ ਗੌਰਵ ਭਰਪੂਰ ਵਿਰਸਾ ਮੇਰੇ ਮਨ ਅਤੇ ਦਿਮਾਗ ਤੇ ਉਕਰਿਆ ਹੋਇਆ ਹੈ।

ਪੰਥ ਵਿੱਚ 1947 ਤੋਂ ਬਾਦ ਰੀਤੀਆਂ ਵਿੱਚ ਫਰਕ ਪੈਂਦਾ ਗਿਆ ਹੈ। ਇਹ ਸਿਲਸਿਲਾ ਵਿੱਚ ਵਿੱਚ ਹੁਣ ਵੀ ਜਾਰੀ ਰਹਿੰਦਾ ਹੈ।

ਮੈਂ ਆਪਣੀ ਜੁਮੇਵਾਰੀ ਸਮਝਦਾ ਹਾਂ ਕਿ ਜੋ ਕੁਛ ਮੈਂ ਆਪਣੇ ਬਜ਼ੁਰਗਾਂ ਨੂੰ ਦੇਖਿਆ, ਉਨ੍ਹਾਂ ਤੋਂ ਸਮੇਂ ਸਮੇਂ ਸਿੱਖਿਆ ਹੈ ਜਾਂ ਮਹਿਸੂਸ ਕਰਦਾ ਹਾਂ, ਲਿਖਤੀ ਰੂਪ ਵਿੱਚ, ਸਿਦਕੀ ਤੇ ਵਿਚਾਰਨਵਾਨ ਗੁਰਮੁਖਾਂ ਦੇ ਗੋਚਰੇ ਰਖ ਦੇਵਾਂ। ਮੈਂ ਕਿਸੇ ਗੱਲ ਦਾ ਮਾਣ ਨਹੀਂ ਕਰਦਾ ਕਿ 'ਹਉ ਕਿਛ ਜਾਣਦਾ' ਹਾਂ। ਸਨਿਮਰ ਬੇਨਤੀ ਹੀ ਹੈ ਕਿ ਜੋ ਗੌਰਵ ਭਰਪੂਰ ਗੱਲ ਵਿਰਸੇ ਮੁਤਾਬਕ ਚੰਗੀ ਲੱਗੇ ਤਾਂ ਅਪਣਾ ਲੈਣੀ। ਇਸ ਪੁਰ ਕਿੰਤੂ ਕਰਕੇ ਵਧੇਰੇ ਝਗੜੇ ਖੜੇ ਨਾ ਕਰ ਲੈਣੇ ਜੀ। ਇਹ ਬੇਨਤੀ ਦੋਨੋਂ ਹਥ ਜੋੜ ਕੇ ਹੈ ਜੀ। ਅਸੀਂ ਅੱਗੇ ਹੀ ਬਥੇਰੇ ਝਗੜਿਆਂ ਨਾਲ ਆਪਣੇ ਘਰ ਨੂੰ ਲੂਕੀ ਲਾਈ ਹੋਈ ਹੈ।

ਇਹ ਧਾਰਨਾਵਾਂ ਮੈਂ ਉਕੜ ਦੁਕੜ ਕਰਕੇ 'ਸਾਡਾ ਵਿਰਸਾ' ਕਹਿਕੇ ਲਿਖ ਰਿਹਾ ਹਾਂ। ਇਹ ਵਿਚਾਰ ਕੋਈ ਲੜੀਵਾਰ ਸਿਲਸਿਲਾ ਨਹੀਂ ਹਨ। ਸਮਰਥਾ ਜਾਂ ਸੂਝ ਹੋਈ ਤਾਂ ਸਮੇਂ ਸਮੇਂ ਲਿਖਦਾ ਰਹਾਂਗਾ ਜੀ।

**ਸਾਡਾ ਵਿਰਸਾ -1**

ਦੀਵਾਨਾਂ ਵਿੱਚ ਕੀਰਤਨੀਆਂ (ਰਾਗੀ ਸਿੰਘਾਂ) ਆਦਿ ਦੇ ਬੈਠਣ ਦਾ ਅਸਥਾਨ: ਕੀਰਤਨ ਕਰਨ ਵਾਲਿਆਂ ਦਾ ਆਸਣ ਸ੍ਰੀ ਗੁਰੂ ਜੀ ਦੇ ਪ੍ਰਕਾਸ਼ ਅਸਥਾਨ ਦੇ ਖੱਬੇ ਜਾਂ ਸੱਜੇ ਪਾਸੇ ਸਵੱਛ ਵਿਛਾਈ ਕਰਕੇ ਲੰਬ-ਕੋਣ (Perpendicular) ਰੱਖਿਆ ਜਾਂਦਾ ਸੀ। ਹੁਣ ਭੀ ਇਤਿਹਾਸਕ ਅਤੇ ਹੋਰਨਾਂ ਗੁਰਦੁਆਰਿਆਂ ਵਿੱਚ ਇਸ ਤਰ੍ਹਾਂ ਦੀ ਪਰੰਪਰਾ ਕਾਇਮ ਹੈ। (ਜਿਵੇਂ ਕਿ ਸ੍ਰੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਕੀਰਤਨੀਏਂ ਬੈਠਦੇ ਹਨ, ਜਾਂ ਤਰਨ-ਤਾਰਨ ਸਾਹਿਬ ਵਿਖੇ, ਦਿੱਲੀ ਬੰਗਲਾ ਸਾਹਿਬ ਤੇ ਗੁਰਦੁਆਰਾ ਮੋਤੀ ਬਾਗ ਵਿੱਚ ਅਤੇ ਸੀਸ ਗੰਜ ਸਾਹਿਬ ਵਿਖੇ ਰਾਗੀਆਂ ਦੇ ਅਸਥਾਨ ਹਨ।) ਯਾਦ ਰਹੇ ਕਿ ਰਾਗੀ ਸਿੰਘਾਂ ਦੇ ਬੈਠਣ ਦਾ ਅਸਥਾਨ ਕਦੇ ਵੀ ਗੁਰੂ ਮਹਾਰਾਜ ਦੇ ਪ੍ਰਕਾਸ਼ ਦੀ ਬਰਾਬਰੀ ਦੀ ਸੇਧ ਅਥਵਾ ਸਮਾਂਨ-ਅੰਤਰ (Parellel) ਨਹੀਂ ਸੀ ਵਿਛਦਾ (See sketches below)। ਵੇਖਣ ਵਿੱਚ ਆ ਰਿਹਾ ਹੈ ਕਿ ਕੁਝ ਗੁਰਦੁਆਰਿਆਂ ਵਿੱਚ ਕੀਰਤਨੀਆਂ ਦੀ ਸਟੇਜ ਗੁਰੂ ਸਾਹਿਬ ਦੇ ਸਮਾਂਨ-ਅੰਤਰ ਜਾਂ ਥੋੜੀ ਤਿਰਛੀ ਕਰਕੇ ਲਗਾਈ ਹੁੰਦੀ ਹੈ। ਐਸਾ ਕਰਨਾ ਉਚਿਤ ਨਹੀਂ। ਇਸ ਵਿੱਚ ਵੱਡਾ ਦੋਸ਼ ਤਾਂ ਇਹ ਹੈ ਕਿ ਗੁਰੂ ਕੇ ਕੀਰਤਨੀਆਂ ਦੀ ਪਰਧਾਨਤਾ ਸ੍ਰੀ ਗੁਰੂ ਮਹਾਰਾਜ ਜੀ (ਜਿੰਨਾਂ ਦੀ ਹਜ਼ੂਰੀ ਵਿੱਚ ਉਹ ਕੀਰਤਨ ਕਰਦੇ ਹੋਣੇ ਚਾਹੀਦੇ ਹਨ) ਦੀ ਪਰਧਾਨਤਾ ਤੋਂ ਵਧੇਰੇ ਪਰਗਟ ਹੁੰਦੀ ਹੈ ਅਥਵਾ ਬਣ ਜਾਂਦੀ ਹੈ। ਕੀਰਤਨੀਏ ਆਪਣੇ ਆਪ ਨੂੰ ਗੁਰੂ ਕਾ ਹਜ਼ੂਰੀ ਕੀਰਤਨੀਆਂ ਘਟ, ਪ੍ਰੰਤੂ ਆਪਣੇ ਆਪ ਨੂੰ ਸੰਗਤਾਂ ਦਾ ਮੁਖ ਸੰਬੋਧਕ ਹੀ ਸਮਝਣ ਲਗ ਪੈਂਦੇ ਹਨ। ਕੁਦਰਤੀ ਤੌਰ ਤੇ ਕੀਰਤਨ

ਸਮੇਂ ਉਹਨਾਂ ਦਾ ਧਿਆਨ ਸਤਿਗੁਰਾਂ ਦੀ ਹਜ਼ੂਰੀ ਵਲੋਂ ਉਖੜ ਕੇ ਸਤਿਗੁਰਾਂ ਦੀ ਸੰਗਤ ਨੂੰ ਆਪਣੇ ਵਲੋਂ ਸੰਬੋਧਨ ਕਰਨ ਵਿੱਚ ਹੀ ਲਗ ਜਾਂਦਾ ਹੈ। ਇੰਜ ਗੁਰੂ ਦੀ ਸ਼ਰਨ ਵਿੱਚ ਸੁਰਤ ਨਹੀਂ ਲਗ ਸਕਦੀ। ਜਦੋਂ ਕੀਰਤਨੀਏ ਅਥਵਾ ਰਾਗੀ ਸਿੰਘ ਇਸ ਦਿਸ਼ਾ ਜਾਂ ਦਸ਼ਾ ਵਿੱਚ ਬੈਠੇ ਹੁੰਦੇ ਹਨ ਤਾਂ ਸੰਗਤਾਂ ਦਾ ਧਿਆਨ ਵੀ ਗੁਰੂ ਪ੍ਰਕਾਸ਼ ਦੇ ਦਰਸ਼ਨਾਂ ਤੋਂ ਉਖੜ ਕੇ ਕੀਰਤਨੀਏ ਜਥਿਆਂ ਦੇ ਮੁਖਾਰਬਿੰਦ ਜਾਂ ਉਨ੍ਹਾਂ ਦੀਆਂ ਹੋਰ ਅਦਾਇਗੀ ਹਰਕਤਾਂ ਵਲ ਵਧੇਰੇ ਹੋ ਜਾਂਦਾ ਹੈ।

ਮੈਂ ਪਿਛਲੇ ਪੰਜ ਛੇ ਮਹੀਨਿਆਂ ਵਿੱਚ ਕੈਨੇਡਾ ਦੇ ਵੈਨਕੁਵਰ, ਸੱਰੀ ਆਦਿ ਦੇ ਗੁਰਦੁਆਰਿਆਂ ਵਿੱਚ ਹਾਜ਼ਰੀ ਭਰੀ ਹੈ। ਹਰ ਗੁਰਦੁਆਰੇ ਵਿੱਚ ਕੀਰਤਨੀਆਂ ਦੀ ਸਟੇਜ ਗੁਰੂ-ਪ੍ਰਕਾਸ਼ ਦੇ ਸਮਾਨ-ਅੰਤਰ ਜਾਂ ਥੋੜੀ ਤਿਰਛੀ ਵੇਖੀ ਹੈ। ਇਹ ਦਿਸ਼ਾ (Direction) ਠੀਕ ਨਹੀਂ ਹੈ।

ਇਨ੍ਹਾਂ ਗੱਲਾਂ ਵੱਲ ਧਿਆਨ ਰੱਖਦੇ ਹੋਏ, 19 ਜੂਨ ਨੂੰ ਖਾਲਸਾ ਸਕੂਲ, ਸਰੀ (B.C.) ਵਿਖੇ ਅਖੰਡ ਕੀਰਤਨੀ ਜਥੇ ਨੇ ਤਿਰਛੇ ਢੰਗ ਦੀ ਬਣੀ ਸਟੇਜ ਨੂੰ ਪ੍ਰਕਾਸ਼ ਅਸਥਾਨ ਦੀ ਬਰਾਬਰੀ ਤੋਂ ਹਟਾ ਕੇ ਗੁਰੂ ਪ੍ਰਕਾਸ਼ ਵਾਲੇ ਪਾਸੇ ਮੋੜ ਲਿਆ ਸੀ। ਇਸੇ ਅਸਥਾਨ ਤੇ ਹੀ 9 ਅਗਸਤ ਨੂੰ Guru Nanak Spiritual Resource Centre ਵਲੋਂ ਇੱਕ ਗੁਰਮਤਿ ਕੈਂਪ ਲਗਾ ਹੋਇਆ ਸੀ। ਉਹਨਾਂ ਦੇ ਕੈਂਪਰ ਸ਼ਾਮੀ 5:30 ਵਜੇ "*ਬੰਦਨਾਂ ਹਰਿ ਬੰਦਨਾਂ...*" ਦਾ ਸ਼ਬਦ ਗਾਇਨ ਕਰ ਰਹੇ ਸਨ। ਉਹਨਾਂ ਨੇ ਭੀ ਆਪਣੀ ਵਿਛਾਈ ਦੀ ਦਿਸ਼ਾ ਤਬਦੀਲ ਕਰਕੇ ਗੁਰੂ ਮਹਾਰਾਜ ਦੇ ਸਾਹਮਣੇ ਵਾਲੇ ਪਾਸੇ, ਸਾਈਡ ਤੇ ਕਰ ਲਈ ਸੀ। ਮੁਬਾਰਕ ਹਨ ਇਹਨਾਂ ਦੋਨੋਂ ਸੰਸਥਾਵਾਂ ਦੇ ਸਿਦਕ, ਜਿਨ੍ਹਾਂ ਨੇ 'ਟਕਸਾਲੀ ਢੰਗ ਵਾਲੇ ਕੀਰਤਨੀਆਂ ਦੇ ਅਸਥਾਨ' ਨੂੰ ਕਾਇਮ ਰੱਖਿਆ।

ਮੋਹਾਲੀ, ਚੰਡੀਗੜ੍ਹ ਆਦਿ ਦੇ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਕੀਰਤਨੀਆਂ ਦੀਆਂ ਸਟੇਜਾਂ ਦੀ ਦਿਸ਼ਾ ਠੀਕ ਹੈ ਪਰ ਕੁਝ ਕੁ ਅਸਥਾਨਾਂ ਵਿੱਚ ਇਸ ਵਿਰਸੇ ਦੀ ਗੌਰਵਤਾ ਹਿਲ ਰਹੀ ਹੈ। ਗੁਰਦੁਆਰਾ ਕਲਗੀਧਰ, ਸੈਕਟਰ 8-C, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 15 ਅਤੇ ਸੈਕਟਰ 34 ਅਤੇ ਗੁਰਦੁਆਰਾ ਨਾਢਾ ਸਾਹਿਬ ਦੇ ਪ੍ਰਬੰਧਕਾਂ ਨੂੰ ਬੇਨਤੀ ਹੈ ਜੋ ਉਹ ਭੀ ਕੀਰਤਨੀਆਂ ਦੀ ਸਟੇਜ ਦੀ ਦਿਸ਼ਾ ਵੱਲ ਧਿਆਨ ਦੇਣ। ਇਹੀ ਅਰਜ਼ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਹੁਸ਼ਿਆਰਪੁਰ ਅਤੇ ਸਿੱਖ ਜਗਤ ਦੇ ਸਭ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਹਥ ਜੋੜ ਕੇ ਹੈ ਜੀ।

ਨੋਟ: ਪੁਰਾਤਨ ਪੇਟਿੰਗਜ਼ ਵਿੱਚ ਭੀ ਭਾਈ ਮਰਦਾਨਾ ਜੀ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਜੇ ਪਾਸੇ ਬੈਠੇ ਹੀ ਦਿਖਾਏ ਜਾਂਦੇ ਹਨ। ਗੁਰੂ ਸਾਹਿਬ ਜਾਂ ਸਮਾਂਨ-ਅੰਤਰ ਕਦੇ ਭੀ ਨਹੀਂ। ਇੰਜ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨੀਆਂ ਦਾ ਅਸਥਾਨ ਹੈ।



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਦਾ ਜਿਕਰ ਇਸ ਕਰਕੇ ਆਇਆ ਹੈ ਕਿਉਂ ਕਿ ਇਸ ਅਸਥਾਨ ਤੇ ਬੈਠਕੇ ਲੇਖਕ ਨੇ 1940 ਤੋਂ ਰਾਗੀ ਭਾਈ ਕਪੂਰ ਸਿੰਘ ਜੀ, ਭਾਈ ਰੰਗਾ ਸਿੰਘ ਜੀ, ਮਿਸਤਰੀ ਤੇਜਾ ਸਿੰਘ ਜੀ ਆਦਿ ਤੋਂ ਕੀਰਤਨ ਸੁਣਿਆ ਤੇ ਕੀਰਤਨ ਸਿਖਣ ਦਾ ਉਤਸ਼ਾਹ ਵੀ ਲਿਆ ਸੀ। ਉਸ ਸਮੇਂ ਕੀਰਤਨ ਦੀ ਸਟੇਜ ਦੀ ਦਿਸ਼ਾ ਟਕਸਾਲੀ ਢੰਗ ਦੀ ਹੁੰਦੀ ਸੀ। ਪਿਛਲੇ ਸਾਲ ਲੇਖਕ ਨੂੰ ਇਸ ਅਸਥਾਨ ਤੋਂ ਹਾਜ਼ਰੀ ਭਰਨ ਦਾ ਮੌਕਾ ਮਿਲਿਆ। ਉਥੇ ਕੀਰਤਨ ਦੀ ਸਟੇਜ ਨੂੰ ਤਿਰਛੇ ਦਾਅ ਦੀ ਦੇਖ ਕੇ ਵਿਰਸਾ ਟੁਟਦਾ ਮਹਿਸੂਸ ਕੀਤਾ ਤੇ ਦੁਖ ਹੋਇਆ। ਇਸੇ ਲਈ ਇਹ ਬੇਨਤੀ, ਪ੍ਰਬੰਧਕਾਂ ਨੂੰ ਵਿਸ਼ੇਸ਼ ਤੌਰ ਤੇ ਕਰਨੋਂ ਰਹਿ ਨਹੀਂ ਸਕਿਆ। (ਇਸੇ ਗੁਰਦੁਆਰਾ ਸਾਹਿਬ ਦੇ ਉਚ ਜੀਵਨ ਵਾਲੇ ਗਰੰਥੀ ਬਾਬਾ ਨਰੈਣ ਸਿੰਘ ਜੀ, ਜਿੰਨਾਂ ਦੀ ਉਮਰ ਉਸ ਵੇਲੇ 90 ਸਾਲਾਂ ਤੋਂ ਉਪਰ ਸੀ, ਦੇ ਦਰਸ਼ਨ ਕਰਨ ਤੋਂ ਅਸੀਸਾਂ ਲੈਣ ਦਾ ਸੁਭਾਗ ਪ੍ਰਾਪਤ ਹੋਇਆ ਸੀ।)




**ਸਾਡਾ ਵਿਰਸਾ -2**

**ਕੜਾ ਕਿ ਲੋਹੇ ਦੀ ਵੰਗ:** ਬਚਪਨ ਤੋਂ ਕੜੇ ਦੀ ਵਿਆਖਿਆ ਸੁਣੀ ਹੈ। ਇਸ ਨੂੰ ਗੁਰੂ ਜੀ ਵਲੋਂ ਦਿੱਤਾ ਗਿਫਟ ਅਥਵਾ ਤੋਹਫਾ ਸੁਣਿਆ ਹੈ ਤੇ ਮੰਨਿਆ ਹੈ। ਕਿਸੇ ਵਲੋਂ ਪਿਆਰ ਨਾਲ ਦਿੱਤੇ ਤੋਹਫੇ ਨੂੰ ਕਦਰ ਨਾਲ ਸੰਭਾਲੀਦਾ ਹੈ। ਤਿਵੇਂ ਕੜਾ ਭੀ ਦਸਮ ਪਾਤਸ਼ਾਹ ਜੀ ਵਲੋਂ ਬਖਸ਼ੇ ਪੰਜ ਕਰਾਰਾਂ ਦੇ ਤੋਹਫਿਆਂ ਵਿੱਚੋਂ ਇੱਕ ਵਿਸ਼ੇਸ਼ ਤੋਹਫਾ ਹੈ। ਇਸ ਦੀ ਧਾਤ ਅਤੇ ਨੁਹਾਰ ਵੀ ਵਿਸ਼ੇਸ਼ ਹੈ।

ਕੜੇ ਦਾ ਬਾਹਰਲਾ ਲੈਵਲ ਵਿਚਕਾਰੋਂ ਉਭਰਿਆ ਹੁੰਦਾ ਹੈ ਅਤੇ ਇਸ ਉਭਾਰ ਇੱਕ ਤਿਖੀ ਚੋਟੀ (ridge) ਦਾ ਚਕਰ ਫਿਰਦਾ ਹੈ। ਇਸ ਉਭਾਰੀ ਚਕਰ ਦੇ ਸਮਾਂਨ-ਅੰਤਰ ਇਕ ਜਾਂ ਵਧੇਰੇ ਚਕਰਾਂ ਦੇ ਨਿੱਕੇ ਉਭਾਰ ਭੀ ਹੋ ਸਕਦੇ ਹਨ। ਪ੍ਰੰਤੂ, ਯਾਦ ਰਹੇ ਕਿ ਕੜੇ ਦਾ ਬਾਹਰਲਾ ਤਲ (Outer Surface) ਕਦੇ ਭੀ ਵੰਗ ਵਰਗਾ ਚਪਟਾ ਜਾਂ ਥੋੜਾ ਕੌਨਵੈਕਸ (ਉਵੱਤਲ) ਨਹੀਂ ਹੁੰਦਾ। ਕੜੇ ਦੇ ਅੰਦਰਲੇ ਤਲ (Inner Surface) ਵਿੱਚ ਕੋਈ ਚੋਭ ਨਹੀਂ ਹੁੰਦੀ। ਕੜੇ ਦੀ ਨੁਹਾਰ ਵਿੱਚ ਇਸ ਦੇ ਬਾਹਰਲੇ ਤਲ ਉਪਰ ਵਿਚਕਾਰੋਂ ਇੱਕ ਤਿੱਖੀ ਉਭਾਰ ਦਾ ਹੋਣਾ ਜ਼ਰੂਰੀ ਹੈ ਜੋ ਇਸ ਨੂੰ ਇੱਕ ਆਪਣੀ ਕਿਸਮ ਦਾ ਡੀਫੈਨਸਿਵ (ਵਾਰ ਕਰਣ ਵਾਲਾ) ਸ਼ਸਤਰ ਭੀ ਬਣਾ ਦੇਂਦਾ ਹੈ। ਤਿਖੀ ਨੁਹਾਰ ਤੋਂ ਬਿਨਾਂ ਕੜੇ ਨੂੰ 'ਵੰਗੀ-ਨੁਹਾਰ' ਦੇ ਕੇ ਇਸ ਦੇ ਇਹ ਦੋਨੋਂ ਗੁਣ ਅਲੋਪ ਹੋ ਜਾਂਦੇ ਹਨ। ਇੱਕ ਕੁਦਰਤੀ ਨਿਯਮ ਅਨੁਸਾਰ ਭੀ ਇਸ ridge ਦੇ ਉਪਰ ਅਲੈਕਟਰੌਨਜ਼ ਦੀ ਤਹਿ ਹੁੰਦੀ ਹੈ। ਫਿਜ਼ਿਕਸ ਦੀ ਸਾਇੰਸ ਵਿੱਚ ਇੱਕ ਕੁਦਰਤੀ ਨਿਯਮ ਹੈ ਕਿ 'Electricity resides on the point'।

ਜੋ ਕੁਝ ਭੀ ਹੈ ਇਹ ਗਲ ਪਕੀ ਹੈ ਕਿ ਕੜੇ ਦੀ ਨੁਹਾਰ ਵੰਗ ਵਰਗੀ ਨਹੀਂ ਹੁੰਦੀ, ਬਲਕਿ ਇਸ ਦੇ ਸੈਂਟਰ

ਵਿੱਚ (ਬਾਹਰਲੇ ਪਾਸੇ) ਇੱਕ ਤਿਖੀ ਚੋਟੀ (ridge) ਦਾ ਚਕਰ ਫਿਰਦਾ ਹੈ। ਜੋਗੀਆਂ ਤੇ ਨਾਥਾਂ ਦੇ ਹੱਥਾਂ ਵਿੱਚ ਸਿੱਖੀ ਧਾਰਨਾਂ ਵਾਲੇ ਕੜੇ ਨਹੀਂ, ਪ੍ਰੰਤੂ ਵੰਗ-ਨੁਮਾ ਚਕਰ ਹੀ ਹੁੰਦੇ ਹਨ। ਪ੍ਰਚਲਤ ਬੋਲੀ ਵਿੱਚ ਕਹਿਣ ਨੂੰ ਭਾਵੇਂ ਇਨ੍ਹਾਂ ਨੂੰ ਕੜੇ ਹੀ ਆਖ ਦਈਦਾ ਹੈ।) ਨਿਹੰਗ ਸਿੰਘਾਂ ਅਤੇ ਗੁਰਸਿੱਖਾਂ ਦੇ ਹੱਥਾਂ ਵਿੱਚ ਧਾਰ ਵਾਲਾ ਲੋਹੇ ਦਾ ਕੜਾ ਹੁੰਦਾ ਹੈ। ਮੁਸ਼ਕਲ ਇਹ ਹੋ ਗਈ ਹੈ ਕਿ ਸਿੱਖਾਂ ਨੇ ਕੜੇ ਦੀ ਪਛਾਣ ਭੀ ਭੁਲਾ ਦਿੱਤੀ ਹੈ ਅਸੀਂ ਬਹੁਤ ਸਾਰੇ ਲੋਕ ਕੜੇ ਦੀ ਥਾਂ ਫਖਰ ਨਾਲ ਹੱਥਾਂ ਵਿੱਚ ਲੋਹੇ ਦੀਆਂ ਮੋਟੀਆਂ ਜਾਂ ਪਤਲੀਆਂ ਵੰਗਾਂ ਹੀ ਪਾਈ ਫਿਰਦੇ ਹਾਂ।

ਕੜੇ ਦੀ ਧਾਤ-ਲੋਹ ਦੀ ਹੁੰਦੀ ਹੈ। ਸੋਨੇ, ਚਾਂਦੀ ਜਾਂ ਕਿਸੀ ਹੋਰ ਧਾਤ ਦੀ ਨਹੀਂ।

ਮੈਂ ਪਿਛਲੇ ਹੋਲੇ-ਮਹਲੇ ਦੇ ਦਿਨਾਂ ਵਿੱਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਗਿਆ। ਇੱਕ ਬੱਚੇ ਵਾਸਤੇ ਕੜਾ ਲੈਣਾ ਸੀ। ਅਨੰਦਪੁਰ ਸਾਹਿਬ, ਮੈਂ ਲਗਭਗ ਮੁਨਿਆਰੀ ਦੀਆਂ ਸਭ ਦੁਕਾਨਾਂ ਤੇ ਫਿਰਿਆ ਜਿੱਥੇ ਕਿਰਪਾਨਾਂ, ਸਿਮਰਨੇ, ਕੰਘੇ ਅਤੇ ਕਹਿਣ ਨੂੰ ਕੜੇ ਵੀ ਰੱਖੇ ਹੋਏ ਸਨ। ਦੁਖ ਨਾਲ ਦਸ ਰਿਹਾ ਹਾਂ ਕਿ ਮੈਨੂੰ ਕਿਸੇ ਵੀ ਦੁਕਾਨ ਤੇ ਠੀਕ ਨੁਹਾਰ ਵਾਲਾ ਕੜਾ ਨਹੀਂ ਲਭਿਆ। ਸਭ ਲੋਹੇ ਦੀਆਂ ਗੋਲ ਵੰਗਾਂ ਹੀ ਸਨ, ਕੋਈ ਮੋਟੀ ਤੇ ਕੋਈ ਪਤਲੀ। 18 ਅਗਸਤ ਨੂੰ ਖਾਲਸਾ ਸਕੂਲ ਸਰੀ (ਵੈਨਕੂਵਰ) ਵਿੱਚ ਸਤਨਾਮ ਟ੍ਰਸਟ ਵਲੋਂ ਲਗੇ ਇੱਕ ਸਟਾਲ ਵਿੱਚ ਭੀ ਮੈਨੂੰ ਕੋਈ ਕੜਾ ਨਹੀਂ ਲਭਿਆ। ਸਭ ਲੋਹੇ ਦੀਆਂ ਵੰਗਾਂ ਹੀ ਸਨ।

ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਸ਼ੁਧ ਸਰੂਪ ਦੇ ਕੜੇ ਵਿਰਸੇ ਨੂੰ ਸੰਭਾਲਣ ਜੀ। ਵੰਗ-ਨੁਮਾਂ ਕੜਿਆਂ ਦੀ ਚਲ ਰਹੀ ਪ੍ਰਥਾ ਤੇ ਰੋਕ ਪਾਉਣ।

ਬਚਪਨ ਤੋਂ ਇਹ ਭੀ ਸੁਣਦੇ ਤੇ ਮੰਨਦੇ ਆ ਰਹੇ ਹਾਂ ਕਿ ਕੜੇ ਨੂੰ ਗੁਰਾਂ ਵਲੋਂ ਲਗੀ ਹਥ-ਕੜੀ ਭੀ ਸਮਝਣਾ ਚਾਹੀਦਾ ਹੈ। ਜਦੋਂ ਕੋਈ ਕੁਕਰਮ ਕਰਣ ਲਈ ਹਥ ਅੱਗੇ ਵਧੇ ਤਾਂ ਗੁਰਾਂ ਦੀ ਯਾਦ ਆ ਜਾਵੇ, ਹਥ ਕੁਕਰਮ ਕਰਨੋ ਰੁਕ ਜਾਵੇ। ਇਸੇ ਕਾਰਨ ਹੀ, ਕੜਾ ਸੱਜੇ ਹਥ ਵਿੱਚ ਪਾਇਆ ਜਾਂਦਾ ਹੈ, ਜਿਸ ਨਾਲ ਆਮ ਤੌਰ ਤੇ ਕੰਮ ਕਰੀਦਾ ਹੈ। ਖੱਬੇ ਹਥ ਕੰਮ ਕਰਨ ਵਾਲਿਆਂ ਨੂੰ ਕੜਾ ਖੱਬੇ ਹਥ ਵਿੱਚ ਸ਼ੁਸੋਭਤ ਹੈ।

## Thoughts of the month

- Improvement always begins with 'I"
- Never negotiate out of fear, but never fear to negotiate.
- People stumble not on mountains but on small stones.
- People may doubt what you say,
  but they will always believe what you do.
- Life is like a mirror-
  it never reflects more than we can put into it.
- Challenges can be stepping stones or stumbling blocks. It
  is just a matter of how you view them.
- Keep your fear to yourself
  but share your courage with others.
- Indecision can be your worst mistake.
- Hearing is with the ears, but listening is with the mind.
- The more words you use the less people remember.

*With best compliments from a wellwisher*

# ਦੌਲਤਾਂ ਦਾਈ ਤੇ ਅਗੰਮੀ ਨੂਰ

ਮਨਮੋਹਨ ਸਿੰਘ ਦਾਊਂ
280, ਫ਼ੇਜ਼ 6, ਮੁਹਾਲੀ (ਰੋਪੜ)

ਰਾਇ ਭੋਇੰ ਦਾ ਪਿੰਡ ਤਲਵੰਡੀ
ਘੂਕ ਨੀਂਦਰ 'ਚ ਸੁੱਤਾ
ਚੁੱਪ-ਚਾਪ ਸੀ।
ਦੌਲਤਾਂ ਦਾਈ ਨੂੰ ਹਾਕ ਵੱਜੀ:
"ਕਾਲੂ ਮਹਿਤਾ ਦੇ ਘਰੀਂ
ਜੰਮਣ ਪੀੜਾਂ ਹੰਢਾਉਂਦੀ
ਮਾਤਾ ਤ੍ਰਿਪਤਾ ਬੇਚੈਨ ਹੈ
ਉੱਠ ਦੌਲਤੇ...
ਤੇਰੀ ਇੰਤਜਾਰ ਹੋ ਰਹੀ ਹੈ"
ਆਵਾਜ਼ ਸੁਣ
ਮਾਈ ਦੌਲਤਾਂ ਉੱਠੀ
ਅੰਬਰ ਵੱਲ ਝਾਤ ਮਾਰੀ
ਹੱਥ ਸੁੱਚੇ ਕੀਤੇ
ਤੇ ਘਰੋਂ ਤੁਰ ਪਈ
ਗਲੀ ਦੇ ਮੋੜ ਕੱਟਦੀ
ਕਾਹਲੀ-ਕਾਹਲੀ
ਖ਼ੈਰ ਸੁੱਖ ਮੰਗਦੀ।
ਬੂਹੇ 'ਤੇ ਦਸਤਕ ਦਿੱਤੀ
ਬੀਬੀ ਨਾਨਕੀ ਨੇ ਸ਼ੁਕਰ ਕੀਤਾ।
ਰਾਤੜੀ ਪੌਣ ਮੁਸਕਰਾਈ
ਬੂਹਾ ਖੁੱਲ੍ਹਿਆ
ਕੱਚੇ-ਕੱਚੇ ਹਨੇਰੇ 'ਚ
ਦੀਵਟੀ 'ਤੇ ਮੁਗਧ ਹੋਇਆ
ਦੀਵਾ ਜਗ ਰਿਹਾ ਸੀ।
ਬੰਦ ਬੂਹਿਆਂ ਨੇ ਆਖ਼ਿਰ
ਖੁੱਲ੍ਹਣਾ ਸੀ
ਚਾਨਣ ਜਗਣਾ ਸੀ
ਕਾਇਨਾਤੀ ਕੁੱਖ 'ਚੋਂ
ਇੱਕ ਜੋਤ...
ਉਦੈ ਹੋਈ ਸੀ।
ਆਖ਼ਿਰ...
ਚਾਨਣ ਨੇ ਕਾਇਆ ਧੋਈ
ਤ੍ਰਿਪਤਾ ਸਹਿਜ ਹੋਈ
ਇੱਕ ਨੂਰ ਮੁਸਕਰਾਇਆ
ਤੇ ਪੂਰਬ ਜਗ-ਮਗਾਇਆ।
ਇਹ ਕੇਹਾ ਆਗਮਨ ਹੋਇਆ
ਭਾਗਵੰਤੀ ਦੌਲਤਾਂ ਦੇ ਹੱਥੀਂ
ਮੁਸਕਾਨਾਂ ਵੰਡਦਾ
ਹਨੇਰਾ ਛੰਡਦਾ
ਇੱਕ ਦੈਵੀ ਫੁੱਲ
ਖਿੜ-ਖਿੜਾਇਆ
ਜਿਸ ਦੀ ਖ਼ੁਸ਼ਬੂ
ਨਿਆਰੀ ਅਤਿ ਪਿਆਰੀ
ਤੇ ਰੂਪ...
ਨਿਰੰਕਾਰੀ।
ਉਲਾਲਾ ਹੋਇਆ...
ਦੌਲਤਾਂ ਦੇ ਨੈਣ ਚਮਕ ਉੱਠੇ।
ਅਗੰਮੀ ਨੂਰ ਦੀ ਪਹਿਲੀ ਛੂਹ
ਦੌਲਤਾਂ ਨੇ ਮਾਣੀ,
ਤੇ ਪ੍ਰਕਾਸ਼ ਦੇ ਪ੍ਰਥਮ ਦਰਸ਼ਨ
ਸੁਭਾਗੀ ਦੌਲਤਾਂ ਨੇ ਕੀਤੇ
ਤੇ ਚਾਨਣ ਦੇ ਘੁੱਟ ਪੀਤੇ।
ਖ਼ੁਦਾਇਆ...
ਇਹ ਕੇਹਾ ਨੂਰੀ ਹੈ ਨੀਂਗਰ।
ਚਾਨਣ ਵਰੋਸਾਈ ਦੌਲਤਾਂ
ਮੁਬਾਰਕਾਂ ਦੇਂਦੀ ਨਾ ਥੱਕੇ।
ਦਿਓ ਜੱਗ ਨੂੰ ਵਧਾਈਆਂ
ਤੇ ਬਚਨ ਬੋਲੇ:
ਧੰਨ ਸੁ ਵੇਲਾ
ਧੰਨੁ ਸੁ ਜਣਨੀ
ਧੰਨ ਸੁ ਪਿਤਾ
ਧੰਨ ਤਲਵੰਡੀ
ਜਿੱਥੇ ਚਾਨਣ ਹੈ ਮੁਸਕਾਇਆ

**PAGE SPONSORED BY : AHUJA FAMILY**
C-353, Defence Colony New Delhi 110 024

# ਨਿਰਧਾਰਤ ਰਾਗਾਂ ਵਿੱਚ ਬਾਲ ਕੀਰਤਨ ਦਰਬਾਰ


## ਜਗਦੀਸ਼ ਕੌਰ

ਕੋਠੀ ਨੰ: 90, ਫੇਜ਼ 6, ਮੁਹਾਲੀ


ਮਿਤੀ 2 ਅਕਤੂਬਰ 2001 ਨੂੰ ਸਵੇਰੇ 9 ਵਜੇ ਤੋਂ 3 ਵਜੇ ਤੱਕ 'ਅੰਮ੍ਰਿਤ ਕੀਰਤਨ ਟ੍ਰਸਟ' ਵਲੋਂ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦਾ ਇੱਕ ਵਿਸ਼ੇਸ਼ ਬਾਲ ਕੀਰਤਨ ਦਰਬਾਰ ਗੁਰਦੁਆਰਾ ਬਾਬੇ ਕੇ, ਫਰਨੀਚਰ ਮਾਰਕੀਟ, ਸੈਕਟਰ 53, ਮਦਨਪੁਰ ਰੋਡ (ਨੇੜੇ ਫੇਜ਼ 2) ਮੁਹਾਲੀ ਵਿਖੇ ਕਰਵਾਇਆ ਗਿਆ। ਚੰਡੀਗੜ੍ਹ ਮੁਹਾਲੀ ਦੇ ਤਕਰੀਬਨ ਸਾਰੇ ਸਕੂਲਾਂ ਨੂੰ ਇਸ ਵਿੱਚ ਆਪਣੇ ਵਿਦਿਆਰਥੀ ਭੇਜ ਕੇ ਸ਼ਾਮਲ ਹੋਣ ਦੇ ਸੱਦਾ ਪੱਤਰ ਭੇਜੇ ਗਏ। ਕੀਰਤਨ ਦਰਬਾਰ ਵਿੱਚ ਸ਼ਬਦ ਗਾਇਨ ਕਰਨ ਲਈ ਕੁਝ ਨਿਯਮ ਨਿਰਧਾਰਤ ਕੀਤੇ ਗਏ ਸਨ। ਜਿਵੇਂ ਕਿ :

1. ਵਿਦਿਆਰਥੀ ਕੇਵਲ ਪਹਿਲੀ ਤੋਂ ਦਸਵੀਂ ਸ਼੍ਰੇਣੀ ਤੱਕ ਦੇ ਹੋਣ।
2. ਕੇਵਲ ਵਿਅਕਤੀਗਤ ਤੌਰ ਤੇ ਇਕੱਲਾ ਵਿਦਿਆਰਥੀ ਸ਼ਬਦ ਗਾਇਨ ਕਰੇ।
3. ਸ਼ਬਦ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਅਤੇ ਨਿਰਧਾਰਤ ਰਾਗਾਂ ਵਿੱਚ ਗਾਏ ਜਾਣ। ਤਾਲ ਦੀ ਕੋਈ ਬੰਦਿਸ਼ ਨਹੀਂ।
4. ਇੱਕ ਵਿਦਿਆਰਥੀ ਕੇਵਲ ਇੱਕ ਸ਼ਬਦ ਦਾ ਗਾਇਨ ਕਰੇ। ਵੱਧ ਤੋਂ ਵੱਧ ਸਮਾਂ 10 ਮਿੰਟ ਦਿੱਤਾ ਜਾਵੇਗਾ।
5. ਇੱਕ ਸਕੂਲ ਇੱਕ ਤੋਂ ਵਧ ਵਿਦਿਆਰਥੀ ਵੀ ਭੇਜ ਸਕਦਾ ਹੈ।

ਵਿਦਿਆਰਥੀਆਂ ਦੀ ਸਹੂਲਤ ਲਈ ਟ੍ਰਸਟ ਵਲੋਂ ਤਬਲਾ ਵਾਦਕ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

ਕੀਰਤਨ ਦਰਬਾਰ ਸਾਢੇ ਨੌਂ ਵਜੇ ਆਰੰਭ ਹੋ ਗਿਆ। ਹਾਲ ਦੇ ਬਾਹਰ ਵਿਦਿਆਥੀਆਂ ਦੀ ਰਜਿਸਟ੍ਰੇਸ਼ਨ ਲਈ ਇੱਕ ਕਾਊਂਟਰ ਬਣਾਇਆ ਗਿਆ। ਜਿੱਥੇ ਭਾਗ ਲੈਣ ਵਾਲੇ ਹਰ ਇੱਕ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਸ਼੍ਰੇਣੀ, ਸਕੂਲ, ਘਰ ਦਾ ਪਤਾ ਅਤੇ ਗਾਇਨ ਕੀਤੇ ਜਾਣ ਵਾਲੇ ਸ਼ਬਦ, ਤਾਲ ਅਤੇ ਰਾਗ ਦੀ ਜਾਣਕਾਰੀ ਇੱਕ ਛਪੇ ਹੋਏ ਫਾਰਮ ਤੇ ਨੋਟ ਕੀਤੀ ਗਈ। ਇਸ ਫਾਰਮ ਦਾ ਇੱਕ ਹਿੱਸਾ ਵਿਦਿਆਰਥੀ ਸਟੇਜ ਸੰਚਾਲਕ ਕੋਲ ਜਮਾਂ ਕਰਵਾ ਦਿੰਦਾ ਸੀ।

ਇਸ ਕੀਰਤਨ ਦਰਬਾਰ ਵਿੱਚ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਲਈ ਡਾ. ਗੁਰਦੇਵ ਸਿੰਘ ਸਿੱਧੂ, ਮੀਤ ਪ੍ਰਧਾਨ, ਪੰਜਾਬ ਸਕੂਲ ਸਿੱਖਿਆ ਬੋਰਡ, ਸ੍ਰ. ਸਰਦਾਰਾ ਸਿੰਘ, ਮੁੱਖ ਸੰਪਾਦਕ, 'ਗੁਰਬਾਣੀ ਇਸ ਜਗ ਮਹਿ ਚਾਨਣ', ਕਰਨਲ ਏ. ਐਸ. ਰਤਨ, ਮੁੱਖ ਪ੍ਰਬੰਧਕ, ਗੁਰੂ ਨਾਨਕ ਵੀ. ਬੀ. ਟੀ. ਪਾਲੀਟੈਕਨਿਕ ਕਾਲਜ, ਮੁਹਾਲੀ ਸ੍ਰ. ਕੁਦਰਤ ਸਿੰਘ ਸਾਹਨੀ, ਸ੍ਰ. ਉਤਮ ਸਿੰਘ, ਸ੍ਰ. ਐਸ. ਐਸ. ਸਰੋਜ, ਸ੍ਰ. ਦਵਿੰਦਰ ਸਿੰਘ ਅਰੋੜਾ, ਡਾ. ਪਰਮਜੀਤ ਸਿੰਘ ਅਤੇ ਡਾ. ਗੁਰਮੀਤ ਸਿੰਘ ਬੈਦਵਾਣ ਵਿਸ਼ੇਸ਼ ਰੂਪ ਵਿੱਚ ਹਾਜ਼ਰ ਹੋਏ।

ਪ੍ਰੋਗਰਾਮ ਦਾ ਸਭ ਤੋਂ ਪਹਿਲਾ ਸ਼ਬਦ ਸ਼ਿਵਾਲਕ ਪਬਲਿਕ ਸਕੂਲ ਸੈਕਟਰ 41 ਚੰਡੀਗੜ੍ਹ ਦੇ ਦੀਪ ਜੋਤ ਸਿੰਘ ਨੇ ਗਾਇਨ ਕੀਤਾ। ਸ਼ਬਦ 'ਮੇਰੇ ਲਾਲਨ ਕੀ ਸੋਭਾ' ਕਲਿਆਨ ਰਾਗ ਵਿੱਚ, ਤੀਨ ਤਾਲ ਵਿੱਚ ਗਾਇਨ ਕੀਤਾ। ਅਗਲਾ ਵਿਦਿਆਰਥੀ ਮਨੀਮਾਜਰਾ ਦਾ ਤਨਵੀਰ ਆਲਮ ਸੀ ਜੋ ਕਿ ਪੈਰਾਡਾਈਜ਼ ਪ੍ਰੈਪਰੇਟਰੀ ਸਕੂਲ ਮਨੀਮਾਜਰਾ ਦੀ ਤੀਸਰੀ ਸ਼੍ਰੇਣੀ ਦਾ ਵਿਦਿਆਰਥੀ ਸੀ। ਉਸਨੇ ਤੀਨ ਤਾਲ ਵਿੱਚ ਬਿਲਾਵਲ ਰਾਗ ਦਾ 'ਸ਼ਾਂਤ ਪਾਈ ਗੁਰ ਸਤਿਗੁਰ ਪੂਰੈ' ਸ਼ਬਦ ਦਾ ਗਾਇਨ ਨਿਰਧਾਰਤ ਰਾਗ ਵਿੱਚ ਕੀਤਾ।

ਇਸ ਉਪਰੰਤ ਹਰਵਿੰਦਰ ਕੌਰ, ਦਸ਼ਮੇਸ਼ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਮੋਹਾਲੀ ਦੀ ਅੱਠਵੀਂ ਦੀ ਵਿਦਿਆਰਥਣ ਨੇ ਬਸੰਤ ਰਾਗ ਵਿੱਚ 'ਮਉਲੀ ਧਰਤੀ ਮਉਲਿਆ ਆਕਾਸ' ਸ਼ਬਦ ਦਾ ਗਾਇਨ ਕੀਤਾ। ਵਿਦਿਆਰਥੀਆਂ ਦਾ ਉਤਸ਼ਾਹ ਦੇਖਣ ਵਾਲਾ ਸੀ। ਹੁਣ ਤਕ ਚਾਰ. ਪੰਜ ਸਕੂਲਾਂ ਦੇ ਬੱਚੇ ਪਹੁੰਚ ਚੁੱਕੇ ਸਨ। ਟ੍ਰਸਟ ਵਲੋਂ ਇਹ ਫੈਸਲਾ ਲਿਆ ਗਿਆ ਸੀ ਕਿ ਵਿਦਿਆਰਥੀਆਂ ਵਿੱਚ ਕਿਸੇ ਪ੍ਰਕਾਰ ਦੀ ਹੀਣ ਭਾਵਨਾ ਨਾ ਆਵੇ ਇਸ ਲਈ ਇਸ ਪ੍ਰੋਗਰਾਮ ਨੂੰ ਕਿਸੇ

ਪ੍ਰਤੀਯੋਗਤਾ ਦਾ ਰੂਪ ਨਾ ਦਿੱਤਾ ਜਾਵੇ। ਬਲਕਿ ਹਰ ਇੱਕ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਇੱਕ ਮੋਮੈਂਟੋ, ਇੱਕ ਸਰਟੀਫਿਕੇਟ ਅਤੇ ਕਿਤਾਬਾਂ ਦਾ ਸੈਟ ਹੌਸਲਾ ਅਫਜ਼ਾਈ ਲਈ ਦਿੱਤਾ ਜਾਵੇਗਾ। ਜਿਵੇਂ ਜਿਵੇਂ ਵਿਦਿਆਰਥੀ ਸ਼ਬਦ ਗਾਇਨ ਕਰਦੇ ਜਾ ਰਹੇ ਸਨ ਨਾਲੋਂ ਨਾਲ ਉਹਨਾਂ ਨੂੰ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਪ੍ਰਧਾਨ ਡਾ. ਜਾਗੀਰ ਸਿੰਘ ਅਤੇ ਟ੍ਰਸਟੀ ਸ੍. ਹਰਭਜਨ ਸਿੰਘ ਜੀ ਵਿਦਿਆਰਥੀਆਂ ਨੂੰ ਸੰਗਤ ਵਿੱਚ ਸਸ਼ੋਭਿਤ ਵਿਸ਼ੇਸ਼ ਵਿਅਕਤੀਆਂ ਦੇ ਹੱਥੋਂ ਮੋਮੈਂਟੋ, ਸਰਟੀਫਿਕੇਟ ਅਤੇ ਕਿਤਾਬਾਂ ਦਾ ਸੈਟ ਪ੍ਰਦਾਨ ਕਰਵਾਉਂਦੇ ਗਏ।

ਗੁਰੂ ਨਾਨਕ ਪਬਲਿਕ ਸਕੂਲ, ਸੈਕਟਰ 36 ਦੀ ਪੰਜਵੀਂ ਸ਼੍ਰੇਣੀ ਦੀ ਵਿਦਿਆਰਥਣ ਸਰਬਜੀਤ ਕੌਰ ਨੇ 'ਰਾਗ ਬਿਹਾਗੜਾ' ਵਿੱਚ 'ਸੋ ਦਿਨ ਸਫਲੁ ਗਣਿਆ। ਹਰਿ ਪ੍ਰਭੁ ਮਿਲਾਇਆ ਰਾਮ।' ਸ਼ਬਦ ਨਾਲ ਆਪਣੀ ਹਾਜ਼ਰੀ ਲਗਵਾਈ। ਇਸੇ ਸਕੂਲ ਦੇ ਉੱਜਲ ਸਿੰਘ (ਚੌਥੀ ਸ਼੍ਰੇਣੀ), ਅਤੇ ਸੁਖਮਨੀ ਕੌਰ (ਸੱਤਵੀਂ ਸ਼੍ਰੇਣੀ) ਨੇ ਕਰਮਵਾਰ ਭੈਰਓ ਵਿੱਚ 'ਰਾਖਾ ਏਕ ਹਮਾਰਾ ਸੁਆਮੀ' ਅਤੇ ਮਲ੍ਹਾਰ ਵਿੱਚ 'ਬਰਸ ਘਨਾ ਮੇਰਾ ਮਨ ਭੀਨਾ' ਸ਼ਬਦਾਂ ਦਾ ਗਾਇਨ ਕੀਤਾ। ਇਸ ਸਕੂਲ ਦੇ ਅਧਿਆਪਕਾਂ ਵਲੋਂ ਵਿਦਿਆਰਥੀਆਂ ਦੀ ਤਿਆਰੀ ਵਧੀਆ ਢੰਗ ਨਾਲ ਕਰਵਾਈ ਜਾਪਦੀ ਸੀ।

ਗੁਰਦੁਆਰਾ ਬਾਬੇ ਕੇ ਵਲੋਂ ਆਈ ਸੰਗਤ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਚਾਹ ਅਤੇ ਲੰਗਰ ਦੇ ਪ੍ਰਬੰਧ ਵੀ ਕੀਤੇ ਗਏ ਸਨ।

ਸੰਤ ਈਸ਼ਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੀ ਨੌਵੀਂ ਦੀ ਵਿਦਿਆਰਥਣ ਸਰਬਜੀਤ ਕੌਰ ਨੇ ਬਿਹਾਗੜਾ ਵਿੱਚ 'ਸੋ ਦਿਨੁ ਸਫਲੁ ਗਣਿਆ। ਹਰ ਪ੍ਰਭ ਮਿਲਾਇਆ ਰਾਮ।' ਕਹਿਰਵਾ ਤਾਲ ਵਿੱਚ ਗਾਇਨ ਕੀਤਾ। ਇਸੇ ਸਕੂਲ ਦੇ ਵਿਦਿਆਰਥੀਆਂ ਗੁਰਪ੍ਰੀਤ ਕੌਰ, ਅਵਜੋਤ ਕੌਰ, ਜੀਵਨ ਜੋਤ ਕੌਰ, ਰੁਪਿੰਦਰ ਸਿੰਘ ਨੇ ਕ੍ਰਮਵਾਰ 'ਮਾਈ ਮੋਹਿ ਪ੍ਰੀਤਮ ਦੇਹੁ ਮਿਲਾਈ' (ਮਲ੍ਹਾਰ), ਮੂ ਲਾਲਨ ਸਿਉ ਪ੍ਰੀਤ ਬਨੀ (ਬਿਲਾਵਲ) ਮੇਰੇ ਲਾਲਨ ਕੀ ਸੋਭਾ (ਕਲਿਆਣ) ਦਾ ਗਾਇਨ ਕੀਤਾ। ਸੰਤ ਈਸ਼ਰ ਸਿੰਘ ਸਕੂਲ ਦੇ ਰੁਪਿੰਦਰ ਸਿੰਘ ਨੇ 'ਮੇਰੇ ਲਾਲਨ ਕੀ ਸੋਭਾ' ਕਲਿਆਣ ਰਾਗ ਵਿੱਚ ਗਾਇਨ ਕੀਤਾ। ਇਸ ਸ਼ਬਦ ਤੋਂ ਉਪਰੰਤ ਗੁਰੂ ਨਾਨਕ ਪਬਲਿਕ ਸਕੂਲ ਦੀ ਸੱਤਵੀਂ ਦੀ ਵਿਦਿਆਰਥਣ ਗੁਨੀਤ ਕੌਰ ਨੇ ਆਸਾ ਰਾਗ ਵਿੱਚ 'ਕਾਨ ਕੁੰਡਲੀਆ' ਸ਼ਬਦ ਦਾ ਗਾਇਨ ਕੀਤਾ। ਸ਼ਿਵਾਲਿਕ ਪਬਲਿਕ ਸਕੂਲ ਸੈਕਟਰ 41 ਦੀ ਸੱਤਵੀਂ ਦੀ ਵਿਦਿਆਰਥ ਪੁਨੀਤ ਕੌਰ ਦੁਆਰਾ ਧਨਾਸਰੀ ਰਾਗ ਵਿੱਚ ਗਾਇਨ ਕੀਤੇ ਸ਼ਬਦ 'ਜਿਹਵਾ ਏਕ ਕਵਨ ਗੁਨ ਕਹੀਐ' ਤੋਂ ਉਪਰੰਤ ਜੈਮ ਪਬਲਿਕ ਸਕੂਲ ਮੁਹਾਲੀ ਦੀ ਰਣਜੋਤ ਕੌਰ ਨੇ ਭੈਰਉ ਵਿੱਚ 'ਰਾਖਾ ਏਕ ਹਮਾਰਾ ਸੁਆਮੀ' ਸ਼ਬਦ ਦਾ ਗਾਇਨ ਕੀਤਾ। ਪ੍ਰਭਜੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਹਾਲੀ ਨੇ ਕਲਿਆਣ ਵਿੱਚ 'ਪ੍ਰਭ ਮੇਰਾ ਅੰਤਰਜਾਮੀ' ਗਾਣ ਸ਼ਬਦ ਦਾ ਗਾਇਨ ਕੀਤਾ।

ਅਜੀਤ ਕਰਮ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ, ਚੰਡੀਗੜ੍ਹ ਦੀ ਅੱਠਵੀਂ ਦੀ ਵਿਦਿਆਰਥਣ ਕਰਮਬੀਰ ਕੌਰ ਨੇ ਕਾਨ੍ਹੜਾ ਰਾਗ ਵਿੱਚ 'ਸਹਜ ਸੁਭਾਏ ਆਪਨ...' ਸ਼ਬਦ ਦਾ ਗਾਇਨ ਕੀਤਾ। ਸ਼ਬਦ ਇੱਕ ਤਾਲ ਅਤੇ ਤੀਨ ਤਾਲ ਵਿੱਚ ਨਿਬੱਧ ਸੀ। ਗੁਰੂ ਨਾਨਕ ਪਬਲਿਕ ਸਕੂਲ ਸੈਕਟਰ 36 ਦੀ ਵਿਦਿਆਰਥਣ ਕਰਨਬੀਰ ਕੌਰ ਨੇ 'ਰਾਮਈਆ ਹਉ ਬਾਰਕੁ ਤੇਰਾ' ਸ਼ਬਦ ਆਸਾ ਰਾਗ ਵਿੱਚ ਗਾਇਨ ਕੀਤਾ। ਇਸ ਸ਼ਬਦ ਤੋਂ ਉਪਰੰਤ ਪਬਲਿਕ ਸਕੂਲ ਦੀ ਹਰਮੀਤ ਕੌਰ ਨੇ ਸਾਰੰਗ ਰਾਗ ਦੇ ਸ਼ਬਦ 'ਹਰਿ ਬਿਨੁ ਕਉਨ ਸਹਾਈ ਮਨ ਕਾ' ਦਾ ਗਾਇਨ ਕੀਤਾ। ਸਰਕਾਰੀ ਹਾਈ ਸਕੂਲ ਸੈਕਟਰ 38 ਚੰਡੀਗੜ੍ਹ ਦੀ ਵਿਦਿਆਰਥਣ ਨੇਹਾ ਨੇ ਸੂਹੀ ਰਾਗ ਵਿੱਚ 'ਪੇਖ ਪੇਖ ਜੀਵਾ ਦਰਸ ਤੁਮਾਰਾ' ਸ਼ਬਦ ਦਾ ਗਾਇਨ ਕੀਤਾ। ਸਰਕਾਰੀ ਮਿਡਲ ਸਕੂਲ, ਸੈਕਟਰ 39 ਦੀ ਹਰਪ੍ਰੀਤ ਕੌਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, 3ਬੀ-2 ਮੋਹਾਲੀ ਦੀ ਸਿਮਰਨ ਜੀਤ ਕੌਰ ਨੇ ਕ੍ਰਮਵਾਰ ਬਿਲਾਵਲ ਵਿੱਚ 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ' ਅਤੇ ਆਸਾ ਰਾਗ ਵਿੱਚ 'ਗੁਰ ਮੇਰੇ ਸੰਗ ਸਦਾ ਹੈ ਨਾਲੇ' ਸ਼ਬਦਾਂ ਦਾ ਗਾਇਨ ਕੀਤਾ। ਦਸ਼ਮੇਸ਼ ਨਿਊ ਪਬਲਿਕ ਸਕੂਲ, ਮੋਹਾਲੀ ਦੇ ਵਿਦਿਆਰਥੀਆਂ ਰਾਜਵਿੰਦਰ ਕੌਰ, ਸੁਰਜੀਤ ਕੌਰ, ਅਮਨਦੀਪ ਕੌਰ, ਮਨਪ੍ਰੀਤ ਕੌਰ, ਸੰਦੀਪ ਕੌਰ, ਸਤਵਿੰਦਰ ਕੌਰ ਨੇ ਆਸਾ ਵਿੱਚ 'ਕਹਾ ਕਰਉ ਜਾਤੀ ਕਹ ਕਹੌ ਪਾਤੀ', 'ਸੋ ਕਿਉ ਵਿਸਰੈ ਮੇਰੀ ਮਾਇ', ਦੇਵਗੰਧਾਰੀ ਵਿੱਚ 'ਪ੍ਰਭੂ ਇਹੈ ਮਨੋਰਥ ਮੇਰਾ', ਧਨਾਸਰੀ ਵਿੱਚ 'ਸਦਾ ਹੈ ਨਾਲੇ' ਅਤੇ ਤੁਖਾਰੀ ਵਿੱਚ 'ਨਿਰਗੁਣ ਰਾਖ ਲੀਆ' ਸ਼ਬਦਾਂ ਦਾ ਗਾਇਨ ਕੀਤਾ। ਸ਼ਿਵਾਲਿਕ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਾਰੰਗ ਰਾਗ ਦੇ ਸ਼ਬਦਾਂ ਨਾਲ ਆਪਣੀ ਹਾਜ਼ਰੀ ਲਗਵਾਈ। ਸੱਤਵੀਂ ਸ਼੍ਰੇਣੀ ਦੀ ਮਨਪ੍ਰੀਤ ਕੌਰ ਨੇ 'ਪ੍ਰਭ ਮੇਰੋ ਇਤ ਉਤ ਸਦਾ ਸਹਾਈ' ਸ਼ਬਦ ਦਾ ਗਾਇਨ ਕੀਤਾ ਅਤੇ ਅੱਠਵੀਂ

ਸ਼੍ਰੇਣੀ ਦੇ ਵਿਦਿਆਰਥੀ ਹਰਮਨਦੀਪ ਸਿੰਘ ਨੇ 'ਪ੍ਰਭ ਮੇਰੋ ਇਤ ਉਤ ਸਦਾ ਸਹਾਈ ਸ਼ਬਦ ਦਾ ਗਾਇਨ ਕੀਤਾ ਅਤੇ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਹਰਮਨਦੀਪ ਸਿੰਘ ਨੇ 'ਕਰਤ ਕੇਲ ਬਿਖੈ ਮੇਲ' ਪੜਤਾਲ ਦਾ ਗਾਇਨ ਬਖ਼ੂਬੀ ਕੀਤਾ। ਇਸੇ ਸਕੂਲ ਦੀ ਛੇਵੀਂ ਸ਼੍ਰੇਣੀ ਦੀ ਵਿਦਿਆਰਥਣ ਸਰਨਜੀਤ ਕੌਰ ਨੇ ਭੈਰਉ ਰਾਗ ਵਿੱਚ 'ਰਾਖਾ ਏਕ ਹਮਾਰਾ ਸੁਆਮੀ' ਦਾ ਗਾਇਨ ਕੀਤਾ। ਇਸ ਉਪਰੰਤ ਅਜੀਤ ਕਰਮ ਸਿੰਘ ਇੰ. ਸਕੂਲ ਦੀ ਪੰਜਵੀਂ ਦੀ ਵਿਦਿਆਰਥਣ ਹਰਗੁਨਗੀਤ ਕੌਰ ਨੇ ਕਾਨੜਾ ਦੀ ਪੜਤਾਲ 'ਕਰਤ ਕਰਤ ਚਰਚ ਚਰਚ' ਦਾ ਗਾਇਨ ਕੀਤਾ। ਬਾਲ ਕੀਤਰਨ ਦਰਬਾਰ ਦਾ ਅੰਤਿਮ ਸ਼ਬਦ 'ਪੂਜਹੁ ਰਾਮ ਏਕ ਹੀ ਦੇਵਾ' ਡਾਇਮੰਡ ਪਬਲਿਕ ਸਕੂਲ, ਮੁੰਡੀ ਖਰੜ ਦੀ ਵਿਦਿਆਰਥਣ ਨੇ ਗਾਇਨ ਕੀਤਾ।

'ਅੰਮਿਤ ਕੀਰਤਨ ਟ੍ਰਸਟ' ਦੇ ਪ੍ਰਧਾਨ ਡਾ. ਜਾਗੀਰ ਸਿੰਘ ਜੀ ਵਲੋਂ ਇਸ ਕੀਰਤਨ ਦਰਬਾਰ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ, ਆਈਆਂ ਸੰਗਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਗਿਆ। ਛੇ ਪਉੜੀਆਂ ਅਨੰਦ ਸਾਹਿਬ ਪਾਠ ਉਪਰੰਤ ਅਰਦਾਸ ਅਤੇ ਹੁਕਮਨਾਮਾ ਲੈ ਕੇ ਪ੍ਰਸਾਦਿ ਵਰਤਾਇਆ ਗਿਆ। ਗੁਰਦੁਆਰਾ ਬਾਬੇ ਕੇ ਵਲੋਂ ਆਈਆਂ ਸੰਗਤਾਂ ਲਈ ਗੁਰੂ ਕਾ ਲੰਗਰ ਤਿਆਰ ਕੀਤਾ ਗਿਆ ਸੀ।

ਕੁਝ ਵਿਚਾਰਵਾਨਾਂ ਨੇ ਪ੍ਰੋਗਰਾਮ ਬਾਰੇ ਆਪਣੇ ਵਿਚਾਰ ਅਤੇ ਸੁਝਾਅ ਵੀ ਪੇਸ਼ ਕੀਤੇ।

ਡਾ. ਗੁਰਦੇਵ ਸਿੰਘ ਸਿੱਧੂ ਵਾਈਸ ਚੇਅਰਮੈਨ, ਪੰਜਾਬ ਸਕੂਲ ਸਿਖਿਆ ਬੋਰਡ ਨੇ ਕਿਹਾ 'ਅੰਮ੍ਰਿਤ ਕੀਰਤਨ ਟ੍ਰਸਟ' ਵੱਲੋਂ ਗੁਰਦੁਆਰਾ ਬਾਬੇ ਕੇ ਮੁਹਾਲੀ ਵਿਖੇ ਕਰਵਾਏ ਗਏ ਬਾਲ ਕੀਰਤਨ ਦਰਬਾਰ ਵਿੱਚ ਹਾਜ਼ਰੀ ਭਰਨ ਦੀ ਖ਼ੁਸ਼ਨਸੀਬੀ ਪ੍ਰਾਪਤ ਹੋਈ। ਨਾ ਕੋਈ ਮੁੱਖ ਮਹਿਮਾਨ, ਨਾ ਕੋਈ ਵਿਸ਼ੇਸ਼ ਪ੍ਰਾਹੁਣੇ ਜਿਹਨਾਂ ਦੇ ਆਉਣ ਅਤੇ ਦੇਖਭਾਲ ਦਾ ਬੋਝ, ਮਨ ਵਿੱਚ ਸਾਂਭੀਂ, ਆਮ ਸਮਾਗਮਾਂ ਦੇ ਪ੍ਰਬੰਧਕ ਖ਼ੁਦ ਸਮਾਗਮ ਦਾ ਰਸ ਮਾਨਣ ਤੋਂ ਵਾਂਝੇ ਰਹਿ ਜਾਂਦੇ ਹਨ। ਨਾ ਕੋਈ ਸ਼ੋਖੀ ਅਤੇ ਨਾ ਹੀ ਭੜਕੀਲਾਪਣ, ਸਾਰਾ ਪ੍ਰੋਗਰਾਮ ਇੱਕ ਸਹਿਜ ਚਾਲ, ਬਿਨਾਂ ਕਿਸੇ ਉਚੇਚ ਦੇ ਨਿਭ ਰਿਹਾ ਸੀ। ਕੀਰਤਨ ਦਰਬਾਰ ਵਿੱਚ ਭਾਗ ਲੈਣ ਆਏ ਬੱਚੇ ਗੁਰੂ ਦਰਬਾਰ ਵਿੱਚ ਹਾਜ਼ਰੀ ਸਮੇਂ ਲੋੜੀਂਦੇ ਬੰਧੇਜ਼ ਵਿੱਚ ਰਹਿਣ ਤੋਂ ਜਾਗਰੂਕ ਅੰਦਰੋਂ ਉੱਠੀ ਪ੍ਰੇਰਨਾ ਅਧੀਨ ਗੁਰੂ ਵਾਕ 'ਬੰਦਾ ਸੋ ਜੋ ਪਵੈ ਵਿਚ ਬੰਦੀ' ਦੀ ਪਾਲਨਾ ਪ੍ਰਤੀ ਸੁਚੇਤ ਯਤਨ ਕਰ ਰਹੇ ਸਨ। ਪ੍ਰਬੰਧਕਾਂ ਦਾ ਸੂਝਵਾਨ ਫ਼ੈਸਲਾ ਕੀਰਤਨ ਦਰਬਾਰ ਵਿੱਚ ਭਾਗ ਲੈਣ ਵਾਲੇ ਬਾਲ ਕੀਰਤਨੀਏ ਪਹਿਲੇ, ਦੂਜੇ, ਤੀਜੇ ਆਦਿ ਨੰਬਰ ਉੱਤੇ ਕੱਢ ਕੇ ਇੱਕ ਦੂਜੇ ਪ੍ਰਤੀ ਸਾੜਾ ਉਤਪਨ ਕਰਨ ਦੀ ਰਵਾਇਤੀ ਵਿਧੀ ਨੂੰ ਤਿਆਗ ਕੇ ਹਰ ਬਾਲ ਭਾਗੀਦਾਰ ਨੂੰ ਯਾਦ ਚਿੰਨ੍ਹ, ਪ੍ਰਮਾਣ ਪੱਤਰ ਅਤੇ ਪੁਰਸਕਾਰ ਦੇ ਕੇ ਉਤਸ਼ਾਹਿਤ ਕਰ ਰਹੇ ਸਨ।

ਸਤਿਗੁਰੂ ਪ੍ਰਬੰਧਕਾਂ ਨੂੰ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਲਈ ਉੱਦਮ ਬਖਸ਼ਣ।

ਕਾਸ਼! ਹੋਰਨਾਂ ਸਮਾਗਮਾਂ ਦੇ ਆਯੋਜਕ ਇਸ ਪ੍ਰੋਗਰਾਮ ਤੋਂ ਪ੍ਰੇਰਨਾ ਲੈਣ।"

ਗੁਰੂ ਨਾਨਕ ਵੀ.ਬੀ.ਟੀ. ਪਾਲੀਟੈਕਨਿਕ ਮੋਹਾਲੀ ਦੇ ਕਰਨਲ ਏ. ਐਸ. ਰਤਨ ਨੇ ਇਸ ਉਪਰਾਲੇ ਨੂੰ ਵਧੀਆ ਕਰਾਰ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਨਵੀਂ ਸਿੱਖ ਪੀੜ੍ਹੀ ਨੂੰ ਤਿਆਰ ਕਰਨ ਲਈ ਅਜਿਹੇ ਵਧੇਰੇ ਉੱਦਮ ਹੋਰ ਵਧੇਰੇ ਕੀਤੇ ਜਾਣੇ ਚਾਹੀਦੇ ਹਨ।

ਸ੍ਰ. ਲਖਮਹਿੰਦਰ ਸਿੰਘ ਜੀ ਨੇ ਸੁਝਾਅ ਦਿੱਤਾ ਕਿ ਵਿਦਿਆਰਥੀਆਂ ਨੂੰ ਵੱਖ ਵੱਖ ਉਮਰ ਵਰਗਾਂ ਅਨੁਸਾਰ ਵੰਡ ਕੇ ਪਹਿਲੇ, ਦੂਜੇ ਅਤੇ ਤੀਜੇ ਇਨਾਮਾਂ ਵੀ ਰੱਖਣੇ ਚਾਹੀਦੇ ਸਨ ਤਾਂ ਜੋ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਹੋ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰੋਗਰਾਮ ਦਾ ਵਧੇਰੇ ਪ੍ਰਚਾਰ ਹੋਣਾ ਚਾਹੀਦਾ ਸੀ।

'ਗੁਰਬਾਣੀ ਇਸ ਜਗ ਮਹਿ ਚਾਨਣ' ਦੇ ਸੰਪਾਦਕ ਡਾ. ਪਰਮਜੀਤ ਸਿੰਘ ਜੀ ਨੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮਾਂ ਨਾਲ ਬੱਚਿਆਂ ਵਿੱਚ ਉਤਸ਼ਾਹ ਪੈਦਾ ਹੁੰਦਾ ਹੈ।

'ਗੁਰਬਾਣੀ ਇਸ ਜਗ ਮਹਿ ਚਾਨਣ' ਦੇ ਸੰਪਾਦਕ ਮਾਨਯੋਗ ਸ੍ਰ. ਸਰਦਾਰਾ ਸਿੰਘ ਜੀ ਨੇ 'ਅੰਮ੍ਰਿਤ ਕੀਰਤਨ ਟ੍ਰਸਟ' ਦੁਆਰਾ ਆਯੋਜਿਤ ਇਸ ਬਾਲ ਕੀਰਤਨ ਦਰਬਾਰ ਨੂੰ ਬੱਚਿਆਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਨ ਦਾ ਇੱਕ ਸ਼ਲਾਘਾਯੋਗ ਉਪਰਾਲਾ ਦੱਸਿਆ ਅਤੇ ਇਸ ਗੱਲ ਤੇ ਵਿਸ਼ੇਸ਼ ਪ੍ਰਸੰਨਤਾ ਪ੍ਰਗਟ ਕੀਤੀ ਕਿ ਇਸ ਕੀਰਤਨ ਦਰਬਾਰ ਵਿੱਚ ਕੇਵਲ ਨਿਰਧਾਰਿਤ ਰਾਗਾਂ ਵਿੱਚ ਹੀ ਸ਼ਬਦ ਗਾਇਨ ਕਰ ਕੇ ਗੁਰਬਾਣੀ ਸੰਗੀਤ ਦੀ ਪਰੰਪਰਾ ਦਾ ਅਨੁਸਰਣ ਕੀਤਾ ਗਿਆ।

# AMRITVELA SACHNAON VADIAI VICHAR (LIVING IN THE PRESENCE OF THE LORD)

**Bhagwant Singh Dalawari**

Tapovan, Amravati 444 602

I should be forgiven if I am branded to be living in hallucination but I find that the concept of presence of the Lord is not only an absolute reality but also a concept of ever-lasting union with the Lord. And Guru Granth Sahib, to many just a holy scripture, establishes in my heart the resounding presence of the Lord, just as Guru Gobind Singh would have desired when he declared the Shabad as our perpetual Guru in Nanded in 1708. It is a pity that we have paid only lipservice to the concept of Shabad Guru but have been waylaid by the peculiar appeal of the majestically adorned self-projected Gurus. The degeneration that we have brought upon ourselves does not stem at all from the difficulty of Shabad being accepted as Guru but from our own inept understanding, handling and parading of Guru Granth Sahib in fineries and offering external obeissance without internal devotion.

The idea behind the Shabad Guru is that we would live by the commands contained in the scripture. But before that we would carefully study, understand, digest and then make a commitment to implement the commands in life and live -and die- in accordance with these commands. Every morning at amritvela when I sit in prayers either singing the praises of the Lord myself with my prayer companions or listening to Harmandir Sahib Kirtan through Radio Jalandhar, I come to the conclusion that-

i) The concept of Guru Gobind Singh declaring Guru Granth Sahib will always remain a wonder because the appeal of the Shabad remains unsurpassed.

ii) The Shabad of the Guru is producing waves of love and interntwining with the Guru's feet in accordance with the belief that the Guru wants his Sikh to be at the same wavelength as he himself is.

iii) While the aura of spirituality surrounding the Guru's Shabad is indescribable; the reality of being in the company of the Guru is self-evident.

iv) The love that oozes out of the recitation of the Shabad directly flows into the heart and produces the actual effect of "*Jhim Jhim Varse Amritdhara, Man Peeve Sun Shabad Vichara*", i.e. Amrit drips continuously drop by drop within one's heart and the mind is drinking it while pondering over the message of the Shabad. And

v) The Shabad is capable of making one Jeevan-Mukat because Guru Arjan says in Sukhmani Sahib: "*So Dhanwant Kulwnat Patwant, Jeevan Mukat Jis Ride*

*Bhagwant*" (The devotee is wealthy, has high family connections and is highly respected. And he is liberated in life if the Lord resides in his heart.)

Surely, the whole exercise of Amritvela prayers -meditation Kirtan, Simran, Vichar- is aimed at showing to the devotee the Lord in his heart in full glamour. Indeed he lives there but the devotee, blinded by ego and also by his attachments to worldly entanglements, is not able to actively associate with Him. For me, every Amritvela brings a new message, a new dawn of bliss and a new exciting, fascinating presence adding to the permanent presence more vitality and intensity.

One of the Shabads sung this moring was "*Sevi Satgur Aapna Har Simri Din Sabh Ren*" (GGS 136-37) - Serving my Satguru I remember the Lord day in and day out, every day and every night. While I shall talk about the whole Shabad later, let me dwell on one theme which is repeated four times:

a) those who are separated from the Lord will never be able to live in peaceful comfort;

b) although I have searched out the whole world, I find there is no peace without the Lord;

c) my separation is on account of my own misdeeds and I cannot blame anyone for this; and

d) without the Lord, I shall be rotting in dust, who is there to listen to my woes?

The question naturally arises about what is separation and what is union. Since the Lord has no form, no colour, no symbol how does one find oneself in the mood of sepration or union? And this becomes a life and death question for him. One of the basic principles of union with the Lord is self annihilation. The moment our ego begins to dictate to us that we are something we begin to develop some kind of a disorder in the soul leading us to lack of peace. Nothing has happened externally but the one who is yearning to live with the Lord and enjoy his grace and love, is always on tenterhooks lest he should, by his conduct, offend the Lord. And since everything is internal, "*Jo Gur Diya Sou Man Ke Kaam*" all the Guru's instruction concerns regulating the mind, the devotee becomes restless. His peace and restfulness depends on the presence of the Lord, which would indicate the following-

A blissful state, love for all, a cheerful welcome for everyone, internal union with the Lord, the source of all happiness, concern and welcome of all, great tolerance, absence of ego, greed and attachment and an urge to do good to all remaining in the internal commitment of union with the Lord.

And the moment he devolops a consciousness of the absence of the Lord, he would be in a miserable state indicating-

Sadness, lack of joy and peace, unhappiness, agitated mind, broodging over

mistakes and faults, lack of warmth, inability to understand others, self-love and self-exteem and other degenerating inclinations.

And we shall now find the rationale of his pleadings to the Lord in the following verses:

*Aap Tyag Sarni Pawan Mukh Boli Mithade Vaein*
*Janam Janam Ka Vichcharia Har Meilo Sajan Sain*
*(I wish to deny myself and fall at your feet with humble, sweet words. Lord, I have been separated from you in various lives, please let me now be united with you, because you are my friend and you alone are my relation)*

and

*Kar Kirpa Prabh Raakh Leho Hor Nahin Karan Karan*
*Nanak Ki Benantian Har Surjan Dekhan Nain*
*(Show grace to me, Lord, and save me by uniting me with yourself for you alone are the doer and you alone get things done... Nanak makes entreaties. Let me see you, Lord, with my own inner eyes.)*

As I was looking at the verses of this Shabad in Amrit Kirtan Pothi, my eyes fell on another Shabad of Guru Ramdas on page 800 of Guru Granth Sahib, "*Harjan Dekho Satgur Naini*" (*O the men of the Lord, look at your Satguru with your own eyes.*) Since my mind was already drinking the juice of Amrit through listening to the Shabad-Vichar of the earlier Shabad, I was enthralled by the appeal in this Shabad, which I detail below in full. After dilating on the nuances in this Shabad and digesting the message stressed, I shall take up the presence of the Lord, as its principal projection:

Oh men of God, have a look at your Satguru with your own eyes.

"Khatri, Brahmin or Shudra or Vaish, anyone, who meditates on the Guru's Mantra, Should worship the Guru as God Himself and serve him day and night and witness his presence with your inner eyes. This way, whatever you wish, will be available to you and you will learn to speak Guru's language. (You will also learn that) whatever efforts you make or think of, whatever has to happen will happen. Everyone wishes himself well, but the Lord will do what has not even crossed our mind. Shed your own mind's cleverness, o men of God, although this alone is the most difficult thing. And meditate on Naam ceaselessly and every day so that you can imbibe Guru's wisdom. My Lord, our good or bad attitudes are all controlled by you, because we are like musical instruments which you play as you want. Says Nanak: You are the doer, Lord and you make me speak as you want as I am under your directions."

Long time ago, living in Paris, I had come across a book by a Catholic Brother,

Lawrence, who, while working as a Monk in a Christian monastry, always felt being in the presence of the Lord, in whatever activity he was engaged. And towards the end of the book, he says pleadingly: "Brothers and sisters, when I was small, no one told me about the presence of the Lord. I must now tell you that day spent without the presence of the Lord is the day wasted". But I think of Guru Granth Sahib, wherein it is always stressed that even a breath spent without his presence is the breath wasted. In other words, our most important practice in worshipping of the Lord, is living in the Presence of the Lord whereby, on the one hand, we remain worryless and calm, on the other we cannot be tempted to do anything which offends our Guru and God.

Analysing the messages of the above Shabad, one thing stands out clearly. Sikhism sees no difference between man and man in the spiritual field or, for that matter, in any field. Additionally, everything is supposed to be under God's control and the devotee is neither supposed to worry about anything nor boast about his achievements. God's presence is the basic requirement for meditation on Naam and imbibing Guru's wisdom. Unless we become the instrument and accept that the Lord plays on it as he wants, we cannot talk of self-surrender and unless we are in total self-surrender, we cannot think of living in the presence of the Lord.

That is why our Guru declares that any one who has not realised the reality has uselessly wasted his life. Let us look at the "*Shabad Manukh Bin Bujhe Birtha Aaya...*" (GGS, M. 5, Page 712). And the Shabad continues:

> "He goes on embellishing himself with various ornaments but is like a deadbody being draped well. With great efforts, man gathers wealth, does no good deed or charity or the service of the saints, but all his labour goes waste. Nothing goes with him. Just as a girl has heavy make-up and rides in carriages but cannot have the company of her husband or lover, the one without the Lord looks at his material wealth but remains in pain. He labours hard the whole day and gathers useless shells and finds them useless for his home. But when the Lord shows grace and settles in his heart, he develops love for Sadhsangat and develops also the ecstasy of His presence through Shabad and Naam."

Could there by a greater proof of the fact that the entire Gurbani dwells on living in the presence of the Lord and if this core point is missed, we shall only be parroting and parading Gurbani and hoodwinking ourselves that we are religious. Religion is spirituality in action, universality in belief, ceaseless presence of the Lord in the heart and a yearning always to remain with the Lord. An instatnts separation makes the devotee sick, as the Guru says:

*Ik Til Pyara Visare, Rog Vadhya Man Mahen*

# ਸੁਰ ਲਿਪੀ

## ਭਾਈ ਜਸਪਾਲ ਸਿੰਘ ਅਤੇ ਸੁਖਵੰਤ ਸਿੰਘ

ਜਵੱਦੀ ਟਕਸਾਲ, ਲੁਧਿਆਣਾ

### ਰਾਗ ਬਿਹਾਗੜਾ

ਰਾਤੀ ਗਾਏ ਜਾਣ ਵਾਲੇ ਰਾਗਾਂ ਵਿੱਚੋਂ ਬਿਹਾਗੜਾ ਬੜਾ ਮਧੁਰ ਅਤੇ ਪ੍ਰਭਾਵਸ਼ਾਲੀ ਰਾਗ ਹੈ। ਬਿਹਾਗੜਾ ਵਿਯੋਗ ਉਠਾਂਦਾ ਹੈ। ਵਿਯੋਗ ਨੂੰ ਗੁਰੂ ਦਾ ਹੋ ਮਰਦਾਨਾ ਬਣ ਦਰ ਕਰਨਾ ਹੈ। ਮਰਦਾਨਾ ਬਣਨਾ, ਸ਼ਬਦ ਵਿੱਚ ਰਤੇ ਹੋਣਾ ਹੈ।

ਰਾਗ ਬਿਹਾਗ ਦੇ ਚਲਨ ਵਿੱਚ ਕੁਝ ਪਰਿਵਰਤਨ ਕਰਕੇ ਇਸ ਰਾਗ ਦਾ ਸਰੂਪ ਨਿਸ਼ਚਿਤ ਕੀਤਾ ਗਿਆ ਹੈ। ਪੰਜਾਬੀ ਬਿਹਾਗੜੇ ਵਿੱਚ ਬਿਲਾਵਲ ਅੰਗ ਹੋਣ ਕਰਕੇ ਵਧੇਰੇ ਪ੍ਰਭਾਵਸ਼ਾਲੀ ਹੈ।

ਅਰੋਹ : ਨ਼ੀ ਸ ਗ, ਮ ਪ ਨੀ ਸਂ। ਅਵਰੋਹ : ਸਂ, ਨੀ ਧ ਪ, ਨ਼ੀ ਧ ਪ, ਧ ਗ ਮ ਗ, ਰੇ ਸ।

ਜਾਤੀ : ਔੜਵ-ਸੰਪੂਰਨ ਵਾਦੀ : ਗੰਧਾਰ ਸੰਵਾਦੀ : ਨੀਸ਼ਾਦ ਸਮਾਂ : ਰਾਤ ਦਾ ਦੂਜਾ ਪਹਿਰ

ਸੁਰ : ਅਰੋਹ ਵਿੱਚ 'ਰੇ' ਅਤੇ 'ਧ' ਵਰਜਿਤ, ਦੋਨੋਂ ਨੀਸ਼ਾਦ। ਬਾਕੀ ਸ਼ੁਧ ਥਾਟ : ਬਿਲਾਵਲ

ਮੁਖ ਅੰਗ : ਗ ਮ ਪ, ਨ਼ੀ ਧ ਪ, ਧ ਗ ਮ ਗ, ਰੇ ਸ।

ਸੁਰ ਵਿਸਥਾਰ: 1. ਸ, ਨ਼ੀ ਸ ਪ਼ ਨ਼ੀ ਸ ਨ਼ੀ ਸ ਗ, ਸ ਗ ਮ ਪ, ਧ ਗ ਮ ਗ, ਗ ਮ ਪ
ਧ ਨ਼ੀ ਧ ਪ, ਧ ਗ ਮ ਗ, ਸ ਗ ਮ ਪ, ਧ ਗ ਮ ਗ, ਰੇ ਸ।

2. ਗ ਮ ਪ, ਨ਼ੀ ਧ ਪ ਗ ਮ ਗ, ਪ, ਗ ਮ ਪ ਨੀ ਸਂ, ਪ ਨੀ ਸਂ ਗਂ, ਰੇਂ
ਸਂ ਨੀ ਸਂ ਗਂ, ਮਂ ਗਂ, ਰੇਂ ਸਂ, ਪ ਨੀ ਸਂ ਨੀ ਧ ਪ, ਗ ਮ ਪ ਧ ਨ਼ੀ ਧ ਪ, ਧ
ਗ ਮ ਗ, ਰੇ ਸ।

ਬਿਹਾਗੜਾ (ਤਿੰਨਤਾਲ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| *ਸਥਾਈ* | | | | ਗਮ | ਪਨੀ | ਸਂਨੀ | ਧ | ਪ | ਨ਼ੀ | ਧ | ਪ | ਧਪ | ਧ | ਗ | ਮ |
| | | | | ਅਮਿ | ਰਿऽ | ऽऽ | ਤ | ਹ | ਰਿ | ਹ | ਰਿ | ਨਾऽ | ऽ | ऽ | ਮ |
| ਗ | ਗ | ਰੇ | ਸ | ਸਂ | ਨੀ | ਨੀ | ਧ | ਨੀ | ਨੀ | ਧ | ਪ | ਪ | ਨ਼ੀ | ਧ | ਪ |
| ਹੈ | ऽ | ऽ | ऽ | ਮੇ | ऽ | ऽ | ऽ | ਗੀ | ऽ | ऽ | ऽ | ਜਿੰ | ऽ | ਦੁ | ੜੀ |
| ਗਮ | ਗਰੇ | ਸਨ਼ੀ | ਸ | ਗ | ਮ | ਰੇ | ਸ | ਗ | ਮ | ਪਨੀ | ਸਂ | ਸਂ | ਨੀ | ਧ | ਪ |
| ਏऽ | ऽऽ | ऽऽ | ऽ | ਅੰ | ਮ | ਰਿ | ਤ | ਗੁ | ਰ | ਮऽ | ਤਿ | ਪਾ | ऽ | ਏ | ऽ |
| ਪਨ਼ੀ | ਧਪ | ਮਗ | ਰੇਸ | | | | | | | | | | | | |
| ਗਾऽ | ऽऽ | ਮऽ | ऽऽ | | | | | | | | | | | | |
| *ਅੰਤਰਾ* | | | | | ਗ | ਗ | ਮ | ਨ਼ੀ | ਪ | ਨੀ | ਨੀ | ਸਂ | ਸਂ | ਸਂ | ਨੀ |
| | | | | | ਹ | ਉ | ਮੈ | ਮਾ | ऽ | ਇ | ਆ | ਬਿ | ऽ | ਖ | ਹੈ |
| ਨੀ | ਨੀ | ਸਂ | ਸਂ | ਪਨੀ | ਸਂਗਂ | ਰੇਂ | ਰੇਂ | ਰੇਂ | ਰੇਂਨੀ | ਨੀ | ਨੀ | ਸਂ | ਸਂ | ਸਂ | ਨੀ |
| ऽ | ऽ | ऽ | ऽ | ਮੇऽ | ऽऽ | ਗੀ | ऽ | ऽ | ਜਿੰऽ | ਦ | ੜੀ | ਏ | ऽ | ऽ | ऽ |
| ਧ | ਪ | ਪ | ਪ | ਨੀਰੇਂ | ਸਂਨੀ | ਧ | ਪ | ਪ | ਨ਼ੀ | ਧ | ਪ | ਧਪ | ਧ | ਗ | ਮ |
| ऽ | ऽ | ऽ | ऽ | ਹऽ | ਰਿऽ | ਅੰਮ | ਰਿਤ | ਬਿ | ਖ | ਲ | ਹਿ | ਜਾऽ | ऽ | ऽ | ਏ |
| ਗ | ਗ | ਸਨ਼ੀ | ਸ | | | | | | | | | | | | |
| ਗਾ | ऽ | ਮऽ | ऽ | | | | | | | | | | | | |

## ਰਾਗ ਜੈਤਸਰੀ

ਸੰਸਕ੍ਰਿਤ ਗ੍ਰੰਥਾਂ ਵਿੱਚ ਜੈਸ੍ਰੀ, ਜਯੰਤ ਸ੍ਰੀ ਆਦਿਕ ਨਾਵਾਂ ਨਾਲ ਸੰਬੋਧਤ ਸਿਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਜੈਤਸਰੀ ਹੀ ਹੈ। ਬੜੇ ਮਨੋਰੰਜਕ ਅਤੇ ਕਠਿਨ ਰਾਗ ਨੂੰ ਸ਼ੁੱਧਤਾ ਸਹਿਤ ਮਹਾਨ ਗਾਇਕ ਹੀ ਗਾ ਸਕਦੇ ਹਨ। ਜੈਤਸਰੀ ਦਾ ਪ੍ਰਭਾਵ ਸੁੱਖ ਅਤੇ ਖੁਸ਼ੀ ਦੇਣ ਵਾਲਾ ਹੈ। ਖੁਸ਼ੀ ਲੈਣ ਲਈ ਮਨ ਦੇ 'ਆਲਸੀਆ ਉਘਲਾਨਾ' ਵਾਲਾ ਸੁਭਾ ਛੱਡ ਹੀਅਰੇ ਵਿੱਚ ਰਤਨ-ਨਾਮ ਨੂੰ ਵਸਾ ਕੇ ਗੁਰੂ ਬਖਸ਼ਿਸ਼ ਲੈਣੀ ਪੈਂਦੀ ਹੈ।

ਅਰੋਹ : ਸ ਗ, ਮ॑ ਪ, ਨੀ ਸਂ। ਅਵਰੋਹ : ਸਂ, ਨੀ ਧ̱ ਪ, ਮ॑ ਗ, ਰੇ ਸ। ਥਾਟ : ਪੂਰਵੀ

ਜਾਤੀ : ਔੜਵ-ਸੰਪੂਰਨ ਵਾਦੀ : ਗੰਧਾਰ ਸੰਵਾਦੀ : ਨੀਸ਼ਾਦ ਸਮਾਂ : ਦਿਨ ਦਾ ਚੌਥਾ ਪਹਿਰ

ਸੁਰ : ਰਿਸ਼ਭ ਧੈਵਤ ਕੋਮਲ ਅਤੇ ਮ॑ ਤੀਵਰ, ਬਾਕੀ ਸ਼ੁਧ ਅਰੋਹ ਵਿੱਚ ਰਿਸ਼ਭ ਤੇ ਧੈਵਤ ਵਰਜਿਤ।

ਮੁਖ ਅੰਗ : ਸ, ਗ, ਪ, ਮ॑ ਧ̱ ਪ, ਮ॑ ਗ, ਮ॑ ਗ, ਰੇ̱ ਸ।

ਸੁਰ ਵਿਸਥਾਰ: 1. ਸ, ਨ਼ੀ ਸ, ਗ, ਰੇ̱ ਸ, ਨ਼ੀ ਧ਼̱ ਪ਼, ਮ॑ ਪ਼ ਨੀ ਸ, ਨੀ ਸ ਗ ਮ॑ ਪ, ਮ॑ ਧ̱ ਪ, ਮ॑ ਗ, ਧ̱ ਪ ਮ॑ ਗ, ਮ॑ ਗ ਰੇ̱ ਸ।

2. ਸ ਗ, ਮ॑ ਪ, ਮ॑ ਧ̱ ਪ, ਮ॑ ਪ ਨੀ ਧ̱ ਪ, ਮ॑ ਪ ਨੀ ਸਂ, ਸਂ ਰੇ̱ਂ ਸਂ, ਨੀ ਸਂ ਗਂ, ਸਂ ਗਂ ਮ॑ਂ ਪਂ, ਮ॑ਂ ਗਂ, ਰੇ̱ਂ ਸਂ, ਨੀ ਸਂ ਰੇ̱ਂ ਨੀ ਧ̱ ਪ, ਮ॑ ਗ ਪ, ਮ॑ ਧ̱ ਪ ਮ॑ ਗ, ਮ॑ ਗ, ਰੇ̱ ਸ।

ਤਾਲ - ਦੀਪਚੰਦੀ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | |
| ਨ਼ੀ | ਸ | - | ਨੀ | - | ਨੀ | - | ਨੀ | ਧ̱ | ਧ̱ | ਪਪ | - | ਪ | - |
| ਕੋ | ई | ऽ | ਜ | ऽ | ਨ | ऽ | ਹ | ਰਿ | ऽ | ਸਿਉ | ऽ | ऽ | ऽ |
| ਪ | - | - | ਮ॑ | - | ਗ | ਰੇ̱ | ਗ | - | - | ਰੇ̱ | - | ਸ | - |
| ਦੇ | ऽ | ऽ | ਵੈ | ऽ | ऽ | ऽ | ਜੋ | ऽ | ऽ | ਰ | ऽ | ऽ | ऽ |
| ਗ | ਗ | - | ਗ | - | - | ਗ | ਗਗ | - | - | - | - | - | ਗ |
| ਚ | ਰ | ऽ | ਨ | ऽ | ऽ | ਗ | ਹਉ | ऽ | ऽ | ऽ | ऽ | ऽ | ਬ |
| ਗਗ | - | - | - | - | ਮ॑ | ਗ | ਰੇ̱ | ਰੇ̱ | - | ਰੇ̱ | - | - | - |
| ਕਉ | ऽ | ऽ | ऽ | ऽ | ਸੁ | ਭ | ਰ | ਸ | ऽ | ਨਾ | ऽ | ऽ | ऽ |
| ਗ | ਗ | - | ਗ | - | - | ਗ | ਗਗ | - | - | - | - | - | ਗ |
| ਚ | ਰ | ऽ | ਨ | ऽ | ऽ | ਗ | ਹਉ | ऽ | ऽ | ऽ | ऽ | ऽ | ਬ |
| ਪਪ | - | - | - | - | ਪ | ਪ | ਮ॑ | ਧ̱ | - | ਪ | - | - | - |
| ਕਉ | ऽ | ऽ | ऽ | ऽ | ਸੁ | ਭ | ਰ | ਸ | ऽ | ਨਾ | ऽ | ऽ | ऽ |
| ਪ | - | - | ਪਪ | - | - | - | ਪ | - | - | ਪ | - | ਸਂ | ਨੀ |
| ਦੀ | ऽ | ऽ | ਜੁਹਿ | ऽ | ऽ | ऽ | ਪ੍ਰਾ | ऽ | ऽ | ਨ | ऽ | ऽ | ਅ |
| ਨੀ | - | - | ਨੀ | - | - | - | ਨੀ | ਧ̱ | ਪ | ਮ॑ | ਗ | ਰੇ̱ | ਸ |
| ਕੋ | ऽ | ऽ | ਰ | ऽ | ऽ | ऽ | * | * | * | * | * | * | * |
| **ਅੰਤਰਾ** | | | | | | | | | | | | | |
| ਮ॑ | ਗ | ਮ॑ | ਪ | - | ਪ | - | ਮ॑ | ਧ̱ | ਧ̱ | ਪ | - | ਪ | - |
| ਮ | ਨ | ऽ | ਤ | ऽ | ਨ | ऽ | ਨਿ | ਰ | ऽ | ਮ | ऽ | ਲ | ऽ |

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਨੀ | ਨੀ | ਨੀ | - | ਸਂ | ਰੇਂ | ਸਂ | ਨੀ | - | ਸਂ | - | ਸਂ | - |
| ਕ | ਰ | ऽ | ਤ | ऽ | ऽ | ਕਿ | ਆ | ऽ | ऽ | ਰੋ | ऽ | ऽ | ऽ |
| ਗਂ | - | - | ਗਂ | - | ਗਂ | - | ਰੇਂ | ਰੇਂ | - | ਰੇਂ | - | ਰੇਂ | ਰੇਂ |
| ਹ | ਰਿ | ऽ | ਸਿੰ | ऽ | ਚੈ | ऽ | ਸੁ | ਧਾ | ऽ | ऽ | ऽ | ऽ | ਸੰ |
| ਸਂ | - | - | ਸਂ | - | ਸਂ | - | ਸਂ | - | - | ਸਂ | - | ਸਂ | - |
| ਜੋ | ऽ | ऽ | ऽ | ऽ | ऽ | ऽ | ਰ | ऽ | ऽ | ऽ | ऽ | ऽ | ऽ |
| ਸਂ | ਸਂ | - | ਸਂ | - | ਸਂ | - | ਨੀ | ਨੀ | - | ਧੁ | - | ਪ | ਪ |
| ਹ | ਰਿ | ऽ | ਸਿੰ | ऽ | ਚੈ | ऽ | ਸੁ | ਧਾ | ऽ | ऽ | ऽ | ऽ | ਸੰ |
| ਪ | - | - | ਪ | - | - | - | ਪ | ਮੑ | ਗ | ਰੇ | - | ਸ | - |
| ਜੋ | ऽ | ऽ | ऽ | ऽ | ऽ | ऽ | ਰ | ऽ | ऽ | ऽ | ऽ | ऽ | ऽ |


Phone : (O) 3312440
Resi. : 5721753

## *Sawhney Cloth House*

46, Shanker Market, Connaught Circus, New Delhi - 110 001


## ਗੁਰਮੁਖ ਢੂਢ ਢੂਢੇਦਿਆਂ ( Free Matrimonial Service )

**AMRITDHARI** Gursikh 55 Handsome, Tall, Healthy wealthy, with Missionary Zeal, Seeks a Kirtani/Music knowing Graceful active Lady Life Companion around 45 Should be Independent, caring Well-Off & caring.

**Contact :** S. Manmohan Singh Sethi, Flat No. 813, Sector: 37, Arun Vihar, Noida 201 303
**Phone :** 91-4501543

**SUITABLE** match for Gursikh Khatri Girl (D.O.B. 18 Sept. 1974, 5'-3") M.A. Public Admn. Ist Class, Disertation Submitted for P.hd & viva is left, Doing MSc. Compurters (Final Year). Father Retired Punjab Govt. Employee (Group Instructor). Mother B.A. Religious & Pious lady. Brother working working in P.S.E.B. & his wife working in the Punjabi University. One Sister unmarried.

**Contact :** S. Dalip Singh Bakshi, 116, Harinder Nagar, Patiala
**Phone:** 350375

ੴ

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

## ਮਨਮੋਹਨ ਸਿੰਘ

| ਰਾਗ ਬਿਹਾਗੜਾ ਮਹਲਾ ੪॥ | **Rag Bihagra 4th Guru.** | ਰਾਗ ਬਿਹਾਗੜਾ ਚੌਥੀ ਪਾਤਸ਼ਾਹੀ। |
|---|---|---|
| ਅੰਮ੍ਰਿਤ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ॥ | Nectar is the Name of the Lord God, O my soul. By Guru's instruction this Name Nectar is attained. | ਸੁਧਾਰਸ ਹੈ ਵਾਹਿਗੁਰੂ ਸੁਆਮੀ ਦਾ ਨਾਮ, ਹੇ ਮੇਰੀ ਜਿੰਦੇ! ਗੁਰਾਂ ਦੀ ਸਿਖਮਤ ਦੁਆਰਾ ਇਹ ਸੁਧਾਸਰੂਪ ਨਾਮ ਪਾਇਆ ਜਾਂਦਾ ਹੈ। |
| ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ | Poisonous is the pride of worldly valuables, O my soul. Through the God's elixir this poison is eradicated. | ਜ਼ਹਿਰੀਲਾ ਹੈ ਸੰਸਾਰੀ ਪਦਾਰਥਾਂ ਦਾ ਹੰਕਾਰ, ਹੇ ਮੇਰੀ ਜਿੰਦੇ! ਵਾਹਿਗੁਰੂ ਆਬਿਹਿਯਾਤ ਦੇ ਰਾਹੀਂ ਇਹ ਜ਼ਹਿਰ ਉਤਰ ਜਾਂਦੀ ਹੈ। |
| ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ॥ | Meditation on the Lord Master's Name, O my life, this dried-up soul is reverdured. | ਸੁਆਮੀ ਮਾਲਕ ਦੇ ਨਾਮ ਦਾ ਸਿਮਰਨ ਕਰਨ ਦੁਆਰਾ, ਹੇ ਮੇਰੇ ਜੀਵੜਿਆ! ਇਹ ਖ਼ੁਸ਼ਕ ਹੋਈ ਹੋਈ ਆਤਮਾ ਹਰੀ ਭਰੀ ਹੋ ਜਾਂਦੀ ਹੈ। |
| ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਸਮਾਏ ਰਾਮ॥੧॥ | The Lord by His writ has made my destiny great, O my soul and slave Nanak has merged in the Name. | ਆਪਣੀ ਲਿਖਤ ਦੁਆਰਾ ਪ੍ਰਭੂ ਨੇ ਮੇਰੀ ਕਿਸਮਤ ਵਿਸ਼ਾਲ ਕਰ ਦਿੱਤੀ ਹੈ, ਹੇ ਮੇਰੀ ਜਿੰਦੇ! ਅਤੇ ਗੁਮਾਸ਼ਤਾ ਨਾਨਕ ਨਾਮ ਅੰਦਰ ਲੀਨ ਹੋ ਗਿਆ ਹੈ। |

◆

| ਜੈਤਸਰੀ ਮਹਲਾ ੫॥ | **Jaitsri 5th Guru.** | ਜੈਤਸਰੀ ਪੰਜਵੀਂ ਪਾਤਸ਼ਾਹੀ। |
|---|---|---|
| ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ | Let some one unite me with God. | ਕੋਈ ਜਣਾ ਮੈਨੂੰ ਵਾਹਿਗੁਰੂ ਨਾਲ ਜੋੜ ਦੇਵੇ। |
| ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥੧॥ | I grasp His feet, with my tongue utter sweet words and make an offering of my very life. | ਮੈਂ ਉਸ ਦੇ ਪੈਰ ਪਕੜਦਾ ਹਾਂ, ਆਪਣੀ ਜੀਭ ਨਾਲ ਮਿੱਠੜੇ ਬਚਨ ਬੋਲਦਾ ਹਾਂ ਅਤੇ ਆਪਣੀ ਜਿੰਦੜੀ ਉਸ ਨੂੰ ਭੇਟਾ ਚੜ੍ਹਾਉਂਦਾ ਹਾਂ। |
| ਰਹਾਉ॥ | Pause. | ਠਹਿਰਾਉ। |
| ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ॥ | Making my heart and body the pure little plots, I thoroughly irrigate them with God's elixir. | ਆਪਣੇ ਦਿਲ ਤੇ ਦੇਹ ਨੂੰ ਪਵਿੱਤਰ ਕਿਆਰੀਆਂ ਬਣਾ ਕੇ, ਮੈਂ ਉਨ੍ਹਾਂ ਨੂੰ ਵਾਹਿਗੁਰੂ ਦੇ ਅੰਮ੍ਰਿਤ ਨਾਲ ਚੰਗੀ ਤਰ੍ਹਾਂ ਸਿੰਜਦਾ ਹਾਂ। |
| ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ॥੧॥ | By God's grace, the mortal is absorbed in this God's elixir and breaks with the supreme sins. | ਵਾਹਿਗੁਰੂ ਦੀ ਰਹਿਮਤ ਦੁਆਰਾ ਪ੍ਰਾਨੀ ਇਸ ਵਾਹਿਗੁਰੂ ਦੇ ਅੰਮ੍ਰਿਤ ਵਿੱਚ ਲੀਨ ਹੋ ਜਾਂਦਾ ਹੈ, ਅਤੇ ਪਰਮ ਪਾਪਾਂ ਨਾਲੋਂ ਟੁੱਟ ਜਾਂਦਾ ਹੈ। |
| ਆਇਓ ਸਰਣਿ ਦੀਨ ਦੁਖਭੰਜਨ ਚਿਤਵਉ ਤੁਮਰੀ ਓਰਿ॥ | O Lord, the Destroyer of sorrow of the poor, I have sought Thy protection and I think ever of Thee. | ਹੇ ਸੁਆਮੀ, ਗਰੀਬਾਂ ਦੇ ਦੁਖੜੇ ਦੂਰ ਕਰਨਹਾਰ, ਮੈਂ ਤੇਰੀ ਪਨਾਹ ਲਈ ਹੈ ਅਤੇ ਹਮੇਸ਼ਾ ਤੇਰਾ ਧਿਆਨ ਧਾਰਦਾ ਹਾਂ। |
| ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥੨॥੫॥੯॥ | My Lord, bless me with the gift of the state of fearlessness and Thy meditation. O Nanak, the Lord is the shatterer of shackles. | ਮੇਰੇ ਸਾਹਿਬ, ਮੈਨੂੰ ਨਿੱਡਰਤਾ ਦੀ ਅਵਸਥਾ ਅਤੇ ਆਪਣੀ ਬੰਦਗੀ ਦੀ ਦਾਤ ਬਖ਼ਸ਼। ਹੇ ਨਾਨਕ! ਮਾਲਕ ਬੇੜੀਆਂ ਕੱਟਣਹਾਰ ਹੈ। |

Postal Regd. No. PB/0124/2001 RNI Regd. No. 46788/89 ISSN 0972-2335




ਬਾਲ ਕੀਰਤਨ ਦਰਬਾਰ ਸਮੇਂ ਵਿਦਿਆਰਥੀ ਕੀਰਤਨ ਕਰਦੇ ਹੋਏ
ਅਤੇ ਵਿਸ਼ੇਸ਼ ਵਿਅਕਤੀਆਂ ਪਾਸੋਂ ਇਨਾਮ ਪ੍ਰਾਪਤ ਕਰਦੇ ਹੋਏ